# <u>ਵਾਰਸ਼ਿਕ ਰਿਪੋਰਟ (01-01-2021 ਤੋਂ 31-12-2021)</u>

**ਬਾਬਾ ਜ਼ੋਰਾਵਰ ਸਿੰਘ ਫ਼ਤਹਿ ਸਿੰਘ ਖਾਲਸਾ ਗਰਲਜ਼ ਕਾਲਜ, ਮੋਰਿੰਡਾ, ਜ਼ਿ੍ਲ੍ਹਾ ਰੋਪੜ ।**

1. **<u>ਕਾਲਜ ਦਾ ਨਾਂ ਅਤੇ ਪਤਾ</u> :-** ਬਾਬਾ ਜ਼ੋਰਾਵਰ ਸਿੰਘ ਫ਼ਤਹਿ ਸਿੰਘ ਖਾਲਸਾ ਗਰਲਜ਼ ਕਾਲਜ, ਮੋਰਿੰਡਾ,ਜ਼ਿਲ੍ਹਾ ਰੋਪੜ।

2. **ਕਾਲਜ ਦਾ ਈ-ਮੇਲ/ਵੈਬ -ਸਾਈਟ ਪਤਾ** :- gcmorinda@yahoo.in
www.khalsacollegemorinda.com

3. **ਪ੍ਰਿੰਸੀਪਲ ਦਾ ਨਾਂ :** ਡਾ. ਪੁਸ਼ਪਿੰਦਰ ਕੌਰ (ਪੱਕੀ ਨਿਯੁਕਤੀ)
ਐਮ.ਏ. (ਹਿਸਟਰੀ), ਐਮ.ਫਿਲ.
ਐੱਮ.ਐੱਸ.ਸੀ.(ਆਈ.ਟੀ.)
ਪੀ.ਐਚ.ਡੀ.

4. **ਅਧਿਆਪਕਾਂ ਦੀ ਕੁੱਲ ਗਿਣਤੀ** : 28

5. **ਵਿਦਿਆਰਥੀਆਂ ਦੀ ਕੁੱਲ ਗਿਣਤੀ** : 515

6. **ਉਪਲੱਬਧ ਸਟ੍ਰੀਮਸ** : ਆਰਟਸ,ਕਾਮਰਸ,ਕੰਮਪਿਊਟਰਜ਼,ਮੈਨੇਜਮੈਂਟ,
ਪੋਸਟ ਗੈ੍ਰਜੂਏਸ਼ਨ ਡਿਪਲੋਮਾ ਇਨ ਫੈਸ਼ਨ ਡਿਜ਼ਾਇਨਿੰਗ

7. **ਕਰਵਾਏ ਜਾਂਦੇ ਕੋਰਸ**

:**ਅੰਡਰ ਗੈ੍ਰਜੂਏਟ ਕੋਰਸਿਜ਼** ਬੀ.ਏ,ਬੀ.ਬੀ.ਏ,ਬੀ.ਸੀ.ਏ,ਬੀ.ਕਾਮ

**ਪੋਸਟ ਗੈ੍ਰਜੂਏਟ ਕੋਰਸਿਜ਼**-
ਪੀ.ਜੀ.ਡੀ.ਸੀ.ਏ, ਪੀ.ਜੀ.ਡਿਪਲੋਮਾ ਇਨ ਫੈਸ਼ਨ ਡਿਜ਼ਾਇਨਿੰਗ,ਐੱਮ.ਐੱਸ.ਸੀ.(ਆਈ.ਟੀ)

**ਐਡ-ਆਨ ਕੋਰਸਿਜ:** ਡਾਟਾ ਕੇਅਰ ਮੈਨੇਜਮੈਂਟ,ਸਪੋਕਨ ਇੰਗਲਿਸ਼,ਫਾਈਨ ਆਰਟਸ, ਫੈਸ਼ਨ ਡਿਜ਼ਾਇਨਿੰਗ, ਮਿਊਜ਼ਿਕ ਵੋਕਲ,।

8. **ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਪੁਸਤਕਾਂ** : ਕੋਈ ਨਹੀਂ

9. **ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਖੋਜ ਪੱਤਰ(ਗਿਣਤੀ)** : ਅੰਤਰਰਾਸ਼ਟਰੀ-03

## Research Publications:
## ਵੇਰਵਾ :

| Faculty Name | Topic Name | Journal/Book | Impact Factor/Month/year | ISSN/ISBN No. |
|---|---|---|---|---|
| ਪ੍ਰੋ.ਲਵਪ੍ਰੀਤ ਕੌਰ | The Role of Libraries in Higher Education: A Literature Review | International Journal of Multidisciplinary Research & Development | RJIF 5.72 2021 | ISSN Online - 2349-4182 ISSN Print - 2349-5979 |

| Faculty Name | Topic Name | Journal/Book | Impact Factor/Month/year | ISSN/ISBN No. |
|---|---|---|---|---|
| ਪ੍ਰੋ.ਰੀਅਨ ਗੁਪਤਾ | 1) Research Paper on Financial Performance of Tipson Cycles Private Limited 2) Liquidity analysis of selected Textiles compaines | International Journal of Creative research thoughts(IJCRT) International Journ਼l of Current Sciences (IJCS | vOLUME 10,Issue-2, Feb 2022 2320-2882 VOLUME 12,Issue-2 April-2022 | 2250-1770<br><br>2250-1770 |

| ਫੈਕਲਟੀ ਨਾਮ | ਖੋਜ ਪੇਪਰ | ਪੁਸਤਕ ਤੇ ਸੰਪਾਦਕ | ਪਬਲਿਸ਼ਰ ਦਾ ਨਾਮ | ISBN No |
|---|---|---|---|---|
| ਡਾ.ਗੁਰਪ੍ਰੀਤ ਕੌਰ | 1)ਸਮਕਾਲੀ ਸਮਾਜ ਵਿਚਲੀ ਬਿਰਧ ਤ੍ਰਾਸਦੀ ਦਾ ਬਿਰਤਾਂਤ: 'ਲੱਡੂ ਮੋਤੀਚੂਰ ਦੇ' | 'ਮਾਨਵੀ ਸਰੋਕਾਰਾਂ ਦਾ ਪ੍ਰਵਚਨ: ਲੱਡੂ ਮੋਤੀਚੂਰ ਦੇ' ਸੰਪਾਦਕ ਡਾ.ਹਰਪ੍ਰੀਤ ਕੌਰ | ਤਰਲੋਚਨ ਪਬਲਿਸ਼ਰਜ਼,ਚੰਡੀਗੜ੍ਹ,2021 | 978-81-7914-505-0 |
| | 2)ਸਮਕਾਲੀ ਯਥਾਰਥ ਦਾ ਬਿਰਤਾਂਤ:'ਦੁਮੇਲ' | 'ਪੁਲ ਦੇ ਪਾਰ' ਕਹਾਣੀ - ਸੰਗ੍ਰਹਿ: ਸਮੀਖਿਆ ਤੇ ਵਿਸ਼ਲੇਸ਼ਣ ਸੰਪਾਦਕ ਡਾ.ਕੰਵਲਜੀਤ ਕੌਰ | ਤਰਲੋਚਨ ਪਬਲਿਸ਼ਰਜ਼,ਚੰਡੀਗੜ੍ਹ,2021 | 978-81-7914-542-5 |
| | 3) ਬੱਦਲਾਂ ਦੀ ਛਾਂ: ਸਮਕਾਲੀ ਯਥਾਰਥ ਦਾ ਐਕਸ -ਰੇ | ਕਾਵਿ-ਸੰਗ੍ਰਹਿ 'ਬੱਦਲਾਂ ਦੀ ਛਾਂ' : ਇਕ ਵਿਸ਼ਲੇਸ਼ਣ, ਸੰਪਾਦਕ ਡਾ.ਚਿਰੰਜੀਵਨ ਕੌਰ | ਤਰਲੋਚਨ ਪਬਲਿਸ਼ਰਜ਼,ਚੰਡੀਗੜ੍ਹ,2021 | 978-81-7914-527-2 |
| | 4) ਧਰਮ ਦੇ ਪੁਜਾਰੀਆਂ ਦਾ ਯਥਾਰਕ ਚਿਤਰਨ:ਧਰਮ ਦੇ ਪੁਜਾਰੀ | 'ਧਰਮ ਦੇ ਪੁਜਾਰੀ: ਔਰਤ ਦੇ ਦੁਖਾਂਤ ਦਾ ਬਿਰਤਾਂਤ', ਸੰਪਾਦਕ ਡਾ.ਪੂਨਮ ਕੁਮਾਰੀ | ਤਰਲੋਚਨ ਪਬਲਿਸ਼ਰਜ਼,ਚੰਡੀਗੜ੍ਹ,2021 | 978-81-7914-541-8 |
| | 5) 'ਔਰਤ ਬੋਲੇ ਆਜ਼ਾਦੀ' ਨਾਟਕ ਦੀ ਰੰਗਮੰਚੀ ਸਾਰਥਿਕਤਾ | 'ਅਜੋਕੇ ਸਮਾਜ ਦੀ ਮੂੰਹ ਬੋਲਦੀ ਤਸਵੀਰ: ਲੇਬਰ ਚੌਂਕ ਦੀਆਂ ਅੱਖਾਂ' ਸੰਪਾਦਕ | ਤਰਲੋਚਨ ਪਬਲਿਸ਼ਰਜ਼,ਚੰਡੀਗੜ੍ਹ,2021 | 978-81-7914-505-0 |

| | | | | |
|---|---|---|---|---|
| | | ਡਾ.ਲਖਵਿੰਦਰ ਕੌਰ | | |

**10. ਫੈਕਲਟੀ ਦੁਆਰਾ ਸਾਲ ਵਿੱਚ ਅਟੈਂਡ ਕੀਤੇ ਗਏ (ਸੈਮੀਨਾਰਾਂ ,ਵਰਕਸ਼ਾਪਾਂ ਅਤੇ ਕਾਨਫਰੰਸਾਂ ਦਾ ਵੇਰਵਾ (ਗਿਣਤੀ) :**

**ਵੇਰਵਾ :**

## Paper presentation :

| Name of the Faculty | Title of Paper | International /National | Venue/Host |
|---|---|---|---|
| 1. ਪ੍ਰੋ.ਮਨਪ੍ਰੀਤ ਕੌਰ | ਸ੍ਰੀ ਗੁਰੂ ਤੇਗ ਬਹਾਦਰ ਜੀ ਕੀ ਬਾਣੀ ਮੇਂ ਦਾਰਸ਼ਨਿਕ ਵਿਚਾਰ | National Webinar | ਸ਼ਹੀਦ ਕਾਸ਼ੀ ਰਾਮ ਮੈਮੋਰੀਅਲ ਕਾਲਜ ਭਾਗੋਮਾਜਰਾ,15 ਮਈ 2021 |

## Seminars/Conferences Attended:

**ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ :**

| Faculty Name | Topic | Date | Organized by |
|---|---|---|---|
| ਪ੍ਰੋ.ਕਮਲਪ੍ਰੀਤ ਕੌਰ | Attended 7days National Workshop on NAAC- Revised Accreditation framework - Issues and Challenges. | 15 May 2021- 21May 2021 | Sanatan Dharama College,Hoshiarpur |

## Workshop Attended:

| Faculty Name | Topic | Date | Organized by |
|---|---|---|---|

| | | | |
|---|---|---|---|
| ਪ੍ਰੋ.ਮਨਜੀਤ ਕੌਰ ਅਤੇ ਡਾ.ਗੁਰਪ੍ਰੀਤ ਕੌਰ | ਸਾਹਿਤ ਦੀ ਸਿਰਜਣ ਪ੍ਰਕ੍ਰਿਆ: ਲਿਖਤ ਅਤੇ ਪੜ੍ਹਤ (7 ਰੋਜ਼ਾ ਆਨ-ਲਾਈਨ ਵਰਕਸ਼ਾਪ) | 25 June-1 July 2021 | Public College,Samana |

| Faculty Name | Topic | Date | Organized by |
|---|---|---|---|
| ਪ੍ਰੋ.ਨਵਜੋਤ ਕੌਰ | Capacity Building Programme "NAAC ACCREDIATION AWARENESS PROGRAMME FOR COLLEGES" | 02 March, 2022 | PUNJABI UNIVERSITY PATIALA. |

| Faculty Name | Topic | Date | Organized by |
|---|---|---|---|
| ਪ੍ਰੋ.ਕਮਲਪ੍ਰੀਤ ਕੌਰ | Capacity Building Programme "NAAC ACCREDIATION AWARENESS PROGRAMME FOR COLLEGES" | 02 March, 2022 | PUNJABI UNIVERSITY PATIALA. |

| Faculty Name | Topic | Date | Organized by |
|---|---|---|---|
| ਪ੍ਰੋ.ਦਿਵਿਆ ਸ਼ਰਮਾ,ਪ੍ਰੋ.ਸੁਖਦੀਪ ਕੌਰ,ਪ੍ਰੋ.ਕਮਲਜੀਤ ਕੌਰ ਅਤੇ ਸ੍ਰੀਮਤੀ ਲਵਪ੍ਰੀਤ ਕੌਰ | Capacity Building Programme "NAAC ACCREDIATION AWARENESS PROGRAMME FOR COLLEGES" | 11 April 2022 | Govt.College,Ropar |

| **Faculty Name** | **Topic** | **Date** | **Organized by** |
|---|---|---|---|
| ਪ੍ਰੋ.ਰੀਅਨ ਗੁਪਤਾ | 2nd National Workshop on Research Methodology and Statistical Tools | 28 Feb 2022 - 4th March 2022 | Deptt.of Management, Punjabi University, Patiala. |

## ਵੈਬੀਨਾਰ :

| **Faculty Name** | **Topic** | **Date** | **Organized by** |
|---|---|---|---|
| ਪ੍ਰੋ.ਕਮਲਪ੍ਰੀਤ ਕੌਰ | Attended Webinar on SENSEX organized by PG Deptt.of Commerce with IQAC . | 02 June, 2021 | GGDSD College Hariana & Shri Guru Hari Rai Sahib College,Chabbewal |

11. **ਕਾਲਜ ਦੁਆਰਾ ਸਾਲ ਵਿੱਚ ਆਯੋਜਿਤ ਕੀਤੇ ਸੈਮੀਨਾਰਾਂ, ਵਰਕਸ਼ਾਪਾਂ, ਕਾਨਫਰੰਸਾਂ ਅਤੇ ਵਿਸ਼ੇਸ਼ ਭਾਸ਼ਣਾਂ ਦਾ ਵੇਰਵਾ (ਗਿਣਤੀ)** : 01

## Extension Lecture:

| **Faculty Name** | **Topic** | **Date** | **Organized by** |
|---|---|---|---|
| ਪ੍ਰੋ.ਜਸਪ੍ਰੀਤ ਕੌਰ ਅਤੇ ਪ੍ਰੋ.ਰੀਅਨ ਗੁਪਤਾ | **Carrier prospects after Graduation and resume Building** | **21 March 2022** | **Commerce Deptt. B.Z.S.F.S.Khalsa Girls College,Morinda(Ropar)** |

12. **ਕੀ ਕਾਲਜ ਵਿੱਚ ਐੱਨ.ਐੱਸ.ਐੱਸ. ਯੂਨਿਟ ਹੈ ?** ਕਾਲਜ ਵਿੱਚ ਐੱਨ.ਐੱਸ.ਐੱਸ ਦੇ ਤਿੰਨ ਯੂਨਿਟ ਕਾਰਜਸ਼ੀਲ ਹਨ।

**ਕਾਲਜ ਦੇ ਐੱਨ.ਐੱਸ.ਐੱਸ . ਵਿਭਾਗ ਦੀਆਂ ਗਤੀਵਿਧੀਆਂ :**

- **ਯੋਗਾ ਦਿਵਸ(21 ਜੂਨ 2021) :**

ਪ੍ਰਿੰ. ਡਾ ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਵਿਖੇ ਕੋਵਿਡ ਦੀ ਪਾਲਣਾ ਕਰਦੇ ਹੋਏ ਯੋਗਾ ਦਿਵਸ ਮਨਾਇਆ ਗਿਆ।ਪ੍ਰੋਗਰਾਮ ਅਫਸਰ ਪ੍ਰੋ.ਮਨਜੀਤ ਕੌਰ ਨੇ ਤਣਾਅ ਭਰਪੂਰ ਜ਼ਿੰਦਗੀ ਵਿਚ ਯੋਗਾ ਦੀ ਮਹੱਤਤਾ ਬਾਰੇ ਦੱਸਿਆ।ਇਸ ਮੌਕੇ ਐਨ.ਐਸ.ਐਸ ਵਲੰਟੀਅਰਜ਼ ਵਲੋਂ ਆਪੋ ਆਪਣੇ ਘਰਾਂ ਵਿਚ ਯੋਗਾ ਕਰਦੇ ਹੋਏ ਆਪਣੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਗਈਆਂ।ਇਸ ਮੌਕੇ ਐਨ.ਐਸ.ਐਸ ਦੇ 50 ਵਲੰਟੀਅਰਜ਼ ਅਤੇ ਪ੍ਰੋਗਰਾਮ ਅਫਸਰ ਪ੍ਰੋ.ਨਵਜੋਤ ਕੌਰ ਤੇ ਪ੍ਰੋ.ਪ੍ਰਭਜੋਤ ਕੌਰ ਤੋਂ ਇਲਾਵਾ 10 ਸਟਾਫ ਮੈਂਬਰਜ਼ ਵੀ ਹਾਜ਼ਰ ਸਨ।

- **ਵਣ ਮਹਾਂਉਤਸਵ (6 ਅਗਸਤ -12 ਅਗਸਤ 2021):**

ਐਨ.ਐਸ.ਐਸ ਵਿਭਾਗ ਵਲੋਂ ਵਣ ਮਹਾਂਉਤਸਵ ਮਨਾਇਆ ਗਿਆ।ਇਸ ਦੌਰਾਨ ਐਨ.ਐਸ.ਐਸ ਵਿਭਾਗ ਵਲੋਂ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ।ਇਸ ਦੌਰਾਨ ਅਪਣਾਏ ਗਏ ਪਿੰਡ ਢੋਲਣ ਮਾਜਰਾ,ਕਲਾਰਾਂ,ਕੁੱਝ ਸਾਂਝੀਆਂ ਥਾਵਾਂ, ਸਕੂਲਾਂ ਅਤੇ ਕਾਲਜ ਕੈਂਪਸ ਵਿੱਚ ਬੂਟੇ ਲਗਾਏ ਗਏ।ਇਸ ਮੌਕੇ ਤੇ ਵਲੰਟੀਅਰਜ਼ ਤੋਂ ਇਲਾਵਾ ਕਾਲਜ ਵਿਖੇ ਚਲ ਰਹੇ ਟੀਕਾਕਰਨ ਸੈਂਟਰ ਤੇ ਆਏ ਲੋਕਾਂ ਨੂੰ ਵੀ ਬੂਟੇ ਵੰਡੇ ਗਏ।ਇਸ ਮੌਕੇ ਐਨ.ਐਸ.ਐਸ ਦੇ 200 ਵਲੰਟੀਅਰਜ਼ ਅਤੇ ਪ੍ਰੋਗਰਾਮ ਅਫਸਰ ਪ੍ਰੋ.ਮਨਜੀਤ ਕੌਰ,ਪ੍ਰੋ. ਨਵਜੋਤ ਕੌਰ,ਪ੍ਰੋ.ਗੁਰਪ੍ਰੀਤ ਕੌਰ ਤੇ ਪ੍ਰੋ.ਸੁਖਦੀਪ ਕੌਰ ਹਾਜ਼ਰ ਸਨ।

- **ਆਜ਼ਾਦੀ ਦਾ ਅੰਮ੍ਰਿਤ ਮਹਾਂਉਤਸਵ (10 ਅਗਸਤ 2021) :**

ਭਾਰਤ ਦੀ ਆਜ਼ਾਦੀ ਦੇ 75ਵੇਂ ਸਾਲ ਦੇ ਮੌਕੇ 'ਤੇ ਕਾਲਜ ਦੇ ਐਨ.ਐਸ.ਐਸ ਵਿਭਾਗ ਦੇ ਵਲੰਟੀਅਰਜ਼ ,ਪ੍ਰੋਗਰਾਮ ਅਫਸਰਾਂ ਅਤੇ ਸਮੂਹ ਸਟਾਫ਼ ਵਲੋਂ ਰਾਸ਼ਟਰੀ ਗੀਤ ਨੂੰ ਦਿੱਤੇ ਗਏ ਲਿੰਕ ਤੇ ਅਪਲੋਡ ਕੀਤਾ ਗਿਆ ਅਤੇ ਰਾਸ਼ਟਰੀ ਗਾਇਨ ਵਿੱਚ ਹਿੱਸਾ ਲਿਆ ਗਿਆ।ਇਸ ਵਿਚ 70 ਵਲੰਟੀਅਰਜ਼ ਨੇ ਭਾਗ ਲਿਆ।

- **ਸਵੱਛਤਾ ਪਖਵਾੜਾ (1-15 ਅਗਸਤ 2021) :**

ਪ੍ਰਿੰ ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐਸ.ਐਸ ਵਿਭਾਗ ਵਲੋਂ ਸਵੱਛਤਾ ਪਖਵਾੜਾ ਮਨਾਇਆ ਗਿਆ। ਵਲੰਟੀਅਰਜ਼ ਵਲੋ ਸੋਸ਼ਲ ਮੀਡੀਆ 'ਤੇ ਸੰਦੇਸ਼ ਪਾ ਕੇ ਲੋਕਾਂ ਨੂੰ ਸਵੱਛਤਾ ਪ੍ਰਤੀ ਜਾਗਰੂਕ ਕੀਤਾ ਗਿਆ।ਇਸ ਦੌਰਾਨ ਵਲੰਟੀਅਰਜ਼ ਵਲੋਂ ਪੋਸਟਰ ਵੀ ਬਣਾਏ ਗਏ।ਪ੍ਰੋਗਰਾਮ ਅਫਸਰ ਪ੍ਰੋ.ਮਨਜੀਤ ਕੌਰ ਅਤੇ ਪ੍ਰੋ.ਨਵਜੋਤ ਕੌਰ ਨੇ ਵਲੰਟੀਅਰਜ਼ ਨੂੰ ਪਲਾਸਟਿਕ ਨਾ ਵਰਤਣ ਲਈ ਪ੍ਰੇਰਿਤ ਕੀਤਾ ਅਤੇ ਆਲਾ ਦੁਆਲਾ ਸਾਫ਼ ਰੱਖਣ ਲਈ ਸਹੁੰ ਚੁਕਾਈ ਗਈ।ਇਸ ਮੌਕੇ 'ਤੇ ਪ੍ਰੋ.ਹਰਪ੍ਰੀਤ ਕੌਰ,ਪ੍ਰੋ.ਜਸਪ੍ਰੀਤ ਕੌਰ,ਪ੍ਰੋ.ਰਾਜਵਿੰਦਰ ਕੌਰ ਵੀ ਹਾਜ਼ਰ ਸਨ।ਇਸ ਵਿਚ 73 ਵਲੰਟੀਅਰਜ਼ ਨੇ ਭਾਗ ਲਿਆ।

- **ਪੋਸ਼ਣ ਮਾਹ( 01 ਸਤੰਬਰ ਤੋਂ 30 ਸਤੰਬਰ 2021)**

ਪ੍ਰਿੰ(ਡਾ.)ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਸਤੰਬਰ (01 ਸਤੰਬਰ ਤੋਂ 30 ਸਤੰਬਰ 2021) ਵਿਚ ਕਾਲਜ ਦੇ ਐਨ.ਐਸ.ਐਸ. ਵਿਭਾਗ ਵਲੋਂ ਪੋਸ਼ਣ ਮਾਹ ਮਨਾਇਆ ਗਿਆ। ਇਸ ਮੌਕੇ ਤੇ ਐਨ.ਐਸ.ਐਸ. ਵਲੰਟੀਅਰਜ਼ ਨੂੰ ਕਾਲਜ ਦੇ ਹਰਬਲ ਗਾਰਡਨ ਦਾ ਦੌਰਾ ਕਰਵਾਇਆ ਗਿਆ ਅਤੇ ਉਨਾਂ੍ਹ ਨੂੰ ਹਰਬਜ਼ ਦੀ ਜਾਣਕਾਰੀ ਦਿੱਤੀ ਗਈ।ਇਸ ਦੌਰਾਨ ਭੋਜਨ ਪ੍ਰਦਰਸ਼ਨੀ ਵੀ ਲਾਈ ਗਈ ਜਿਸ ਵਿਚ ਕਾਲਜ ਦੇ ਵਲੰਟੀਅਰਜ਼ ਅਤੇ ਸਟਾਫ਼ ਮੈਂਬਰਜ਼ ਵਲੋਂ ਪੋਸ਼ਕ ਵਿਅੰਜਨ ਦੀ ਜਾਣਕਾਰੀ ਦਿੱਤੀ ਗਈ। ਪ੍ਰਿੰ(ਡਾ.)ਪੁਸ਼ਪਿੰਦਰ ਕੌਰ ਜੀ ਵਲੋਂ ਵਲੰਟੀਅਰਜ਼ ਨੂੰ ਮੂੰਗ ਦਾਲ ਦੀ ਰੇਸਿਪੀ ਵੀ ਸਿਖਾਈ ਗਈ।ਇਸ ਪ੍ਰੋਗਰਾਮ ਦੇ ਵਿਚ 85 ਵਲੰਟੀਅਰਜ਼ ਨੇ ਭਾਗ ਲਿਆ।

- **ਸੰਤੁਲਿਤ ਭੋਜਨ ਪ੍ਰਦਰਸ਼ਨੀ:**

ਐੱਨ.ਐਸ.ਐਸ ਵਿਭਾਗ ਵਲੋਂ '**ਸਤੁੰਲਿਤ ਆਹਾਰ ਮਹੀਨਾ'** ਤਹਿਤ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਕਾਲਜ ਦੇ ਐੱਨ.ਐੱਸ.ਐੱਸ ਦੇ ਵਲੰਟੀਅਰਜ਼ ਅਤੇ ਪ੍ਰੋਫ਼ੈਸਰ ਸਾਹਿਬਾਨ ਵਲੋਂ ਪੌਸ਼ਟਿਕ ਭੋਜਨ ਦੀਆਂ ਲਗਭਗ 25 ਵੰਨਗੀਆਂ ਦੀ ਪ੍ਰਦਰਸ਼ਨੀ ਲਗਾਈ ਗਈ ਅਤੇ ਉਨਾਂ੍ਹ ਨੂੰੂ ਬਣਾਉਣ ਦੀ ਵਿਧੀ ਵੀ ਦੱਸੀ ਗਈ।ਪ੍ਰਿੰ.ਡਾ.ਪੁਸ਼ਪਿੰਦਰ ਕੌਰ ਨੇ ਮੂੰਗੀ ਦੀ ਛਿਲਕੇ ਵਾਲੀ ਦਾਲ ਬਣਾਉਣ ਦੀ ਸਿਖਲਾਈ ਦਿੱਤੀ ।ਇਸ ਮੌਕੇ ਬੋਲਦਿਆਂ ਉਨਾਂ੍ਹ ਕਿਹਾ ਕਿ ਸਿਹਤਮੰਦ ਰਹਿਣ ਲਈ ਸਾਨੂੰ ਫਾਸਟ ਫੂਡ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਹਮੇਸ਼ਾ ਸਾਦਾ,ਮੌਸਮੀ,ਘੱਟ ਖਰਚੀਲੀ ਤੇ ਸਤੁੰਲਿਤ ਖੁਰਾਕ ਖਾਣੀ ਚਾਹੀਦੀ ਹੈ।ਇਸ ਸਬੰਧੀ ਸਾਨੂੰ ਸਾਰਿਆਂ ਨੂੰ ਵੀ ਸਤੁੰਲਿਤ ਆਹਾਰ ਲੈਣ ਲਈ ਜਾਗਰੂਕ ਕਰਨਾ ਚਾਹੀਦਾ ਹੈ।

- **ਇੱਕ ਰੋਜ਼ਾ ਐੱਨ.ਐਸ.ਐਸ ਕੈਂਪ :**

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ "CLEAN INDIA" (01 ਤੋਂ 31 ਅਕਤੂਬਰ) ਮੁਹਿੰਮ ਤਹਿਤ ਇੱਕ ਰੋਜ਼ਾ ਐਨ.ਐਸ.ਐਸ ਕੈਂਪ ਲਗਾਇਆ ਗਿਆ।ਪ੍ਰੋਗਰਾਮ ਅਫਸਰ ਪ੍ਰੋ.ਮਨਜੀਤ ਕੌਰ, ਪ੍ਰੋ.ਨਵਜੋਤ ਕੌਰ ਅਤੇ ਸ੍ਰੀਮਤੀ ਲਵਪ੍ਰੀਤ ਕੌਰ ਦੀ ਦੇਖ-ਰੇਖ ਹੇਠ 100 ਵਲੰਟੀਅਰਜ਼ ਨੇ ਭਾਗ ਲਿਆ ਅਤੇ ਕਾਲਜ ਕੈਂਪਸ ਦੀ ਸਾਫ-ਸਫ਼ਾਈ ਕਰਦਿਆਂ ਹੋਰ ਵਿਦਿਆਰਥੀਆਂ ਨੂੰ ਵੀ ਆਲਾ-ਦੁਆਲਾ ਸਾਫ ਰੱਖਣ ਲਈ ਪ੍ਰੇਰਿਤ ਕੀਤਾ।

- **ਰਾਸ਼ਟਰੀ ਸੰਵਿਧਾਨ ਦਿਵਸ( ਮਿਤੀ 26 ਨਵੰਬਰ 2021) :**

ਕਾਲਜ ਦੇ ਐਨ.ਐਸ.ਐਸ ਵਿਭਾਗ ਵਲੋਂ ਵਿਦਿਆਰਥੀਆਂ ਵਿੱਚ ਸੰਵਿਧਾਨਿਕ ਜਿੰ਼ਮੇਵਾਰੀਆਂ ਨੂੰ ਉਭਾਰਨ,ਸੰਵਿਧਾਨ ਬਾਰੇ ਜਾਗਰੂਕਤਾ ਪੈਦਾ ਕਰਨ ਹਿੱਤ ਰਾਸ਼ਟਰੀ ਸੰਵਿਧਾਨ ਦਿਵਸ ਮਨਾਇਆ

ਗਿਆ।ਇਤਿਹਾਸ ਵਿਭਾਗ ਦੇ ਪ੍ਰੋਫੈਸਰ ਰਾਜਵਿੰਦਰ ਕੌਰ ਨੇ ਇਸ ਦਿਵਸ ਦੀ ਮਹੱਤਤਾ ਬਾਰੇ ਦੱਸਦਿਆਂ ਸੰਵਿਧਾਨ ਦੇ ਨਿਰਮਾਣ ਅਤੇ ਇਸਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ।ਰਾਜਨੀਤੀ ਵਿਭਾਗ ਦੇ ਪ੍ਰੋਫੈਸਰ ਹਰਵਿੰਦਰ ਕੌਰ ਨੇ ਸੰਵਿਧਾਨ ਦੀ ਪ੍ਰਸਤਾਵਨਾ ਅਤੇ ਮੌਲਿਕ ਵਿਸ਼ੇਸ਼ਤਾਵਾਂ ਤੇ ਰੋਸ਼ਨੀ ਪਾਈ।ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਨੇ ਸੰਵਿਧਾਨ ਦੇ ਵਿਸ਼ੇਸ਼ ਤੱਥਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਇਸ ਪ੍ਰੋਗਰਾਮ ਵਿਚ 60 ਵਲੰਟੀਅਰਜ਼ ਨੇ ਭਾਗ ਲਿਆ।ਪ੍ਰੋਗਰਾਮ ਦੇ ਅੰਤ ਵਿੱਚ ਵਾਈਸ ਪ੍ਰਿੰ.ਮਨਜੀਤ ਕੌਰ ਜੀ ਨੇ ਪ੍ਰਿੰਸੀਪਲ,ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਪ੍ਰੋ.ਪ੍ਰਿਅੰਕਾ,ਪ੍ਰੋ.ਹਰਪ੍ਰੀਤ ਕੌਰ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

- **ਰਾਸ਼ਟਰੀ ਏਕਤਾ ਦਿਵਸ (ਮਿਤੀ 30 ਨਵੰਬਰ 2021):**

ਸਰਦਾਰ ਵੱਲਭ ਭਾਈ ਪਟੇਲ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਾਲਜ ਦੇ ਐਨ.ਐਸ.ਐਸ ਵਿਭਾਗ ਵਲੋਂ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ।ਇਸ ਮੌਕੇ ਪ੍ਰਿੰ.ਡਾ ਪੁਸ਼ਪਿੰਦਰ ਕੌਰ ਨੇ ਸਰਦਾਰ ਪਟੇਲ ਦੇ ਜਨਮ ਦਿਵਸ ਦੀ ਵਧਾਈ ਦਿੰਦਿਆਂ ਉਨਾਂ੍ਹ ਦੇ ਜੀਵਨ ਅਤੇ ਵਿਚਾਰਧਾਰਾ ਤੇ ਰੋਸ਼ਨੀ ਪਾਈ।ਉਪ-ਪ੍ਰਿੰਸੀਪਲ ਤੇ ਪ੍ਰੋਗਰਾਮ ਅਫਸਰ ਪ੍ਰੋ.ਮਨਜੀਤ ਕੌਰ ਨੇ ਸ.ਪਟੇਲ ਵਲੋਂ ਭਾਰਤੀ ਸੰਘ ਵਿੱਚ ਏਕੀਕਰਨ ਲਈ ਨਿਭਾਈ ਅਹਿਮ ਭੂਮਿਕਾ ਤੇ ਵਿਚਾਰ ਰੱਖੇ ਅਤੇ ਸ੍ਰੀ ਹਰਿਵੰਸ਼ਰਾਏ ਬਚਨ ਦੁਆਰਾ 'ਸਰਦਾਰ ਪਟੇਲ 'ਤੇ ਲਿਖੀ ਕਵਿਤਾ ਵੀ ਸੁਣਾਈ।ਰਾਜਨੀਤੀ ਵਿਗਿਆਨ ਦੇ ਪ੍ਰੋ.ਹਰਵਿੰਦਰ ਨੇ ਸਰਦਾਰ ਪਟੇਲ ਦੇ ਜੀਵਨ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਦਿੱਤੇ ਮਹਾਨ ਯੋਗਦਾਨ ਤੇ ਰੋਸ਼ਨੀ ਪਾਈ।ਪ੍ਰੋਗਰਾਮ ਅਫਸਰ ਪ੍ਰੋ.ਨਵਜੋਤ ਕੌਰ ਨੇ ਐਨ.ਐਸ.ਐਸ ਵਲੰਟੀਅਰਜ਼ ਤੋਂ ਇਲਾਵਾ ਕਾਲਜ ਦੇ ਸਮੂਹ ਵਿਦਿਆਰਥੀ ਅਤੇ ਸਟਾਫ਼ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਸਹੁੰ ਚੁਕਾਈ।

- ਅੰਤਰਰਾਸ਼ਟਰੀ ਮਹਿਲਾ ਦਿਵਸ (8 ਮਾਰਚ 2022) :

8 ਮਾਰਚ 2022 ਨੂੰ ਐੱਨ. ਐਸ. ਐਸ. ਵਿਭਾਗ ਵਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਇਸ ਵਿੱਚ ਸਿੱਖਿਆ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਮਹਾਨ ਸਖਸ਼ੀਅਤਾਂ ਸ਼੍ਰੀਮਤੀ ਯੋਗਿਤਾ ਰਾਵਤ (ਪ੍ਰਿੰਸੀਪਲ ਭਾਈ ਨੰਦ ਲਾਲ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਮੋਰਿੰਡਾ), ਸ਼੍ਰੀਮਤੀ ਕਮਲਜੀਤ ਕੋਰ ( ਪ੍ਰਿੰਸੀਪਲ ਆਰੀਆ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ) ਅਤੇ ਸ਼੍ਰੀਮਤੀ ਗੁਰਪ੍ਰੀਤ ਕੌਰ ( ਵਾਇਸ ਪ੍ਰਿੰਸੀਪਲ ਖਾਲਸਾ ਗਰਲਜ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਏ ਜਾਣ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਵਾਈਸ ਪ੍ਰਿੰਸੀਪਲ ਪ੍ਰੋ. ਮਨਜੀਤ ਕੋਰ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਏ ਜਾਣ ਦੇ ਉਦੇਸ਼ ਬਾਰੇ ਜਾਣੂੰ ਕਰਵਾਇਆ। ਇਸ ਪ੍ਰੋਗਰਾਮ ਦੇ ਵਿਚ 170 ਵਲੰਟੀਅਰਜ਼ ਨੇ ਭਾਗ ਲਿਆ। ਇਸ ਮੌਕੇ ਪ੍ਰੋ. ਨਵਜੋਤ ਕੌਰ, ਪ੍ਰੋ.ਦਿਵਿਆ ਸ਼ਰਮਾ ,ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਰਹੇ।

- **ਸ਼ਹੀਦੀ ਦਿਵਸ ਮਨਾਇਆ (**23 ਮਾਰਚ 2022) -

ਦੇਸ਼ ਦੀ ਆਜ਼ਾਦੀ ਦੇ ਲਈ ਮਰ-ਮਿਟਣ ਵਾਲੇ ਸ਼ਹੀਦਾਂ - ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਨੂੰ 23 ਮਾਰਚ 2022 ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐਸ.ਐਸ ਵਿਭਾਗ ਵਲੋਂ ਸ਼ਹੀਦ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਨੂੰ ਯਾਦ ਕੀਤਾ ਗਿਆ। ਇਸ ਮੌਕੇ ਤੇ 74 ਵਲੰਟੀਅਰਜ਼ ਵਲੋਂ ਸ਼ਹੀਦਾਂ ਦੀ ਸੋਚ ਤੇ ਪਹਿਰਾ ਦੇਣ ਦੀ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਸਹੁੰ ਚੁੱਕੀ ਗਈ। ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੋਰ ਜੀ ਨੇ ਵਲੰਟੀਅਰਜ਼ ਨੂੰ ਕਿਹਾ ਕਿ ਸ਼ਹੀਦਾ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਉਹਨਾ ਦੇ ਪਾਏ ਹੋਏ ਪੂਰਨਿਆ ਤੇ ਚੱਲਣਾ ਚਾਹੀਦਾ ਹੈ। ਵਲੰਟੀਅਰਜ਼ ਵਲੋਂ ਸ਼ਹੀਦਾਂ ਦੀ ਯਾਦ ਨਾਲ ਸੰਬੰਧਤ ਪੋਸਟਰ ਵੀ ਬਣਾਏ ਗਏ । ਇਸ ਮੌਕੇ ਤੇ ਪ੍ਰੋਗਰਾਮ ਅਫਸਰ ਮਨਜੀਤ ਕੌਰ, ਨਵਜੋਤ ਕੌਰ, ਦਿਵਿਆ ਸ਼ਰਮਾ ਤੋਂ ਇਲਾਵਾ ਪ੍ਰੋ ਸੁਖਦੀਪ ਕੌਰ, ਪ੍ਰੋ ਹਰਪ੍ਰੀਤ ਕੌਰ, ਪ੍ਰੋ ਹਰਵਿੰਦਰ ਕੌਰ ਵੀ ਮੌਜੂਦ ਸਨ।

- **ਪ੍ਰੀਕਸ਼ਾ ਪੇ ਚਰਚਾ (01 ਅਪ੍ਰੈਲ 2022)** :

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੁਆਰਾ ਆਉਣ ਵਾਲੇ ਪੇਪਰਾਂ ਲਈ ਵਿਦਿਆਰਥੀਆਂ ਦੇ ਨਾਲ you tube channel ਤੇ ਆਨ -ਲਾਇਨ 'ਪ੍ਰੀਕਸ਼ਾ ਪੇ ਚਰਚਾ' ਦਾ ਆਯੋਜਨ ਕੀਤਾ ਗਿਆ ਜਿਸਨੂੰ ਐਨ.ਐਸ.ਐਸ ਵਲੰਟੀਅਰਜ਼ ਦੁਆਰਾ ਲਾਈਵ ਦੇਖਿਆ ਗਿਆ। ਇਸ ਵਿੱਚ 226 ਵਲੰਟੀਅਰਜ਼ ਨੇ ਭਾਗ ਲਿਆ।

- **ਯੂਥ ਕਨਵੈਨਸ਼ਨ (12 ਅਪ੍ਰੈਲ 2022) :**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ ਯੂਥ ਕਨਵੈਨਸ਼ਨ ਵਿਚ ਕਾਲਜ ਦੇ 10 ਵਲੰਟੀਅਰਜ਼ ਅਤੇ ਪ੍ਰੋਗਰਾਮ ਅਫਸਰ ਪ੍ਰੋ.ਮਨਜੀਤ ਕੌਰ,ਪ੍ਰੋ.ਨਵਜੋਤ ਕੌਰ ਅਤੇ ਪ੍ਰੋ.ਲਵਪ੍ਰੀਤ ਕੌਰ ਨੇ ਸ਼ਮੂਲੀਅਤ ਕੀਤੀ।

- **"ਯੋਗ ਦੀ ਸਿਹਤ ਵਿੱਚ ਭੂਮਿਕਾ" ਤੇ ਇੱਕ ਰੋਜ਼ਾ ਵਰਕਸ਼ਾਪ (20 ਅਪ੍ਰੈਲ 2022):**

ਕਾਲਜ ਦੇ ਐਨ.ਐੱਸ.ਐੱਸ ਵਿਭਾਗ ਵਲੋਂ "ਯੋਗ ਦੀ ਸਿਹਤ ਵਿੱਚ ਭੂਮਿਕਾ" ਤੇ ਵਰਕਸ਼ਾਪ ਲਗਾਈ ਗਈ। ਇਸ ਮੌਕੇ ਤੇ ਯੋਗਾ ਅਤੇ ਵੈਲਨੇਸ Instructor ਸੁਚਿੰਤ ਕੌਰ ਸੋਢੀ ਜੀ ਦੁਆਰਾ ਵਲੰਟੀਅਰਜ ਨੂੰ P.P.T ਦੁਆਰਾ ਯੋਗ ਦੀ ਮਹੱਤਤਾ ਤੋ ਜਾਣੂ ਕਰਵਾਇਆ ਗਿਆ। ਉਹਨਾਂ ਵਲੋਂ ਸਹੀ ਤਰੀਕੇ ਨਾਲ ਯੋਗ ਦੀ ਤਕਨੀਕ ਅਪਣਾਉਣ ਤੇ ਜ਼ੋਰ ਦਿੱਤਾ ਅਤੇ Breathing ਅਤੇ Meditation technique ਦੀ ਸਿਖਲਾਈ ਵੀ ਦਿੱਤੀ ਗਈ। ਇਸ ਮੌਕੇ ਤੇ ਪ੍ਰੋਗਰਾਮ ਅਫਸਰ ਨਵਜੋਤ ਕੌਰ, ਦਿਵਿਆ ਸ਼ਰਮਾ,ਹਰਵਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ਼ ਅਤੇ ਵਲੰਟੀਅਰਜ਼ ਹਾਜ਼ਰ ਸਨ।
ਇਸ ਪ੍ਰੋਗਰਾਮ ਦੇ ਵਿਚ 75 ਵਲੰਟੀਅਰਜ਼ ਅਤੇ 17 ਪ੍ਰੋਫੈਸਰ ਸਾਹਿਬਾਨ ਨੇ ਭਾਗ ਲਿਆ।

- ਪ੍ਰੋ.ਨਵਜੋਤ ਕੌਰ ਅਤੇ ਪ੍ਰੋ.ਦਿਵਿਆ ਸ਼ਰਮਾ ਨੇ ਚੰਡੀਗੜ੍ਹ ਯੂਨੀਵਰਸਿਟੀ,ਘੜੂੰਆਂ ਵਿਖੇ 11 ਮਾਰਚ 2022 ਤੋਂ 17 ਮਾਰਚ 2022 ਤੱਕ ਐਨ.ਐਸ.ਐਸ ਦਾ 7 ਰੋਜ਼ਾ Training Orientation Course ਕੀਤਾ।

**13. ਕੀ ਕਾਲਜ ਵਿੱਚ ਐੱਨ.ਸੀ.ਸੀ.ਯੂਨਿਟ ਹੈ?** ਨਹੀਂ ਜੀ।

## 14. ਸਾਲ ਵਿੱਚ ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਅਤੇ ਕਾਰਜਾਂ ਦਾ ਵੇਰਵਾ :

## ਵੱਖ -ਵੱਖ ਵਿਭਾਗਾਂ ਦੀਆਂ ਗਤੀਵਿਧੀਆਂ :

## ਪੰਜਾਬੀ ਵਿਭਾਗ :

- 19 ਅਗਸਤ 2021 ਨੂੰ ਕਾਲਜ ਕੈਂਪਸ ਵਿਚ ਤੀਆਂ ਦਾ ਤਿਉਹਾਰ ਮਨਾਇਆ ਗਿਆ। ਕੋਵਿਡ-19 ਦੇ ਮੱਦੇਨਜ਼ਰ ਕਾਲਜ ਦੇ ਸਟਾਫ਼ ਦੇ ਨਾਲ ਬੀ.ਏ ਭਾਗ ਤੀਜਾ ਦੀਆਂ ਵਿਦਿਆਰਥਣਾਂ ਨੇ ਸ਼ਮੂਲੀਅਤ ਕੀਤੀ।ਪੰਜਾਬੀ ਵਿਭਾਗ ਦੇ ਮੁਖੀ ਪ੍ਰੋ.ਮਨਜੀਤ ਕੌਰ ਵਲੋਂ ਤੀਆਂ ਦੇ ਤਿਉਹਾਰ ਦੇ ਸਮਾਜਕ- ਸੱਭਿਆਚਾਰਕ ਮਹੱਤਵ ਬਾਰੇ ਜਾਣੂੰ ਕਰਵਾਇਆ।ਵਿਦਿਆਰਥਣਾਂ ਵਲੋਂ ਤੀਆਂ ਨਾਲ ਸਬੰਧਤ ਗੀਤ ਗਾਏ ਗਏ ਅਤੇ ਗਿੱਧਾ ਪਾਇਆ ਗਿਆ।ਫਾਈਨ ਆਰਟਸ ਵਿਭਾਗ ਦੀਆਂ ਵਿਦਿਆਰਥਣਾਂ ਵਲੋਂ ਪ੍ਰੋ.ਅਰਵਿੰਦ ਕੌਰ ਦੀ ਅਗਵਾਈ ਹੇਠ ਸਟਾਫ਼ ਮੈਂਬਰਾਂ ਦੇ ਮਹਿੰਦੀ ਲਗਵਾਈ।ਖੀਰ-ਪੂੜੇ ਬਣਾਉਣ ਅਤੇ ਵਰਤਾਉਣ ਵਿਚ ਪੀਅਨ ਸਤਪਾਲ ਕੌਰ,ਰਵਨੀਤ ਕੌਰ ਅਤੇ ਨਿਰਮਲਾ ਨੇ ਸੇਵਾ ਨਿਭਾਈ।ਪ੍ਰਿੰ.ਡਾ.ਪੁਸ਼ਪਿੰਦਰ ਕੌਰ ਅਤੇ ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ.ਹਰਬੰਸ ਸਿੰਘ ਕੰਧੋਲਾ ਵਲੋਂ ਸਾਰਿਆਂ ਨੂੰ ਤੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ।
- 23 ਅਗਸਤ 2021 ਨੂੰ ਪੰਜਾਬੀ ਸਾਹਿਤ ਸਭਾ ਦੀ ਬੈਠਕ ਕੀਤੀ ਗਈ।ਇਸ ਬੈਠਕ ਵਿਚ ਨਵੇਂ ਵਿਦਿਅਕ ਸੈਸ਼ਨ ਲਈ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਦੀ ਚੋਣ ਕੀਤੀ ਗਈ।ਨਿਸ਼ਾ ਚਿਸ਼ਤੀ (ਬੀ.ਏ ਭਾਗ ਤੀਜਾ) ਨੂੰ ਪੰਜਾਬੀ ਸਾਹਿਤ ਸਭਾ ਦੀ ਸਕੱਤਰ ਅਤੇ ਸੁਖਦੀਪ ਕੌਰ (ਬੀ.ਏ ਭਾਗ ਤੀਜਾ) ਨੂੰ ਪੰਜਾਬੀ ਸਾਹਿਤ ਸਭਾ ਦੀ ਪ੍ਰਧਾਨ ,ਰਜਨੀਸ਼ ਧਾਲੀਵਾਲ (ਬੀ.ਏ ਭਾਗ ਦੂਜਾ) ਪੰਜਾਬੀ ਸਾਹਿਤ ਸਭਾ ਦੀ ਉਪ-ਪ੍ਰਧਾਨ ਜਦਕਿ ਬਲਜਿੰਦਰ ਬੇਗਮ (ਬੀ.ਏ ਭਾਗ ਦੂਜਾ) ਖਜ਼ਾਨਚੀ ਚੁਣੀ ਗਈ। ਪ੍ਰੋ.ਮਨਜੀਤ ਕੌਰ,ਪ੍ਰੋ.ਰੁਪਿੰਦਰ ਕੌਰ ਵਲੋਂ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਗਈ।ਪੰਜਾਬੀ ਭਾਸ਼ਾ ,ਸਾਹਿਤ ਤੇ ਸਭਿਆਚਾਰ ਨੂੰ 21ਵੀਂ ਸਦੀ ਦੇ ਇਸ ਨਵੇਂ ਤਕਨੀਕੀ ਯੁੱਗ ਵਿਚ ਦਰਪੇਸ਼ ਚੁਣੌਤੀਆਂ ਅਤੇ ਸੰਭਾਵਨਾਵਾਂ ਬਾਰੇ ਚਰਚਾ ਕੀਤੀ ਗਈ।
- 20 ਫਰਵਰੀ 2022 ਨੂੰ ਪੰਜਾਬੀ ਵਿਭਾਗ/ਪੰਜਾਬੀ ਸਾਹਿਤ ਸਭਾ ਵਲੋਂ ਕੌਮਾਂਤਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ।ਪੰਜਾਬੀ ਵਿਭਾਗ ਦੇ ਮੁਖੀ ਪ੍ਰੋ.ਮਨਜੀਤ ਕੌਰ ਵਲੋਂ 'ਕੌਮਾਂਤਰੀ ਮਾਤ ਭਾਸ਼ਾ ਦਿਵਸ' ਮਨਾਏ ਜਾਣ ਦੇ ਇਤਿਹਾਸਿਕ ਪਿਛੋਕੜ ਬਾਰੇ ਵਿਸਥਾਰ ਵਿਚ ਵਿਦਿਆਰਥਣਾਂ ਨੂੰ ਜਾਣੂੰ ਕਰਵਾਇਆ।ਸੰਤੋਸ਼ ਰਾਣੀ (ਬੀ.ਏ ਭਾਗ ਤੀਜਾ),ਬਲਜਿੰਦਰ ਬੇਗਮ (ਬੀ.ਏ ਭਾਗ ਦੂਜਾ) ਤੇ ਗਗਨਪ੍ਰੀਤ ਕੌਰ (ਬੀ.ਏ ਭਾਗ ਪਹਿਲਾ) ਦੀਆਂ ਵਿਦਿਆਰਥਣਾਂ ਵਲੋਂ ਮਾਂ-ਬੋਲੀ ਦੇ ਪਿਆਰ ਅਤੇ ਸਤਿਕਾਰ ਵਿਚ ਕਵਿਤਾਵਾਂ ਪੜ੍ਹੀਆਂ।ਪੰਜਾਬੀ ਵਿਭਾਗ ਦੇ ਅਧਿਆਪਕ ਡਾ.ਗੁਰਪ੍ਰੀਤ ਕੌਰ ਵਲੋਂ ਅਜੋਕੇ ਦੌਰ ਵਿਚ ਸਾਡੀ ਮਾਂ-ਬੋਲੀ ਪੰਜਾਬੀ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵਿਦਿਆਰਥਣਾਂ ਨੂੰ ਸੁਚੇਤ ਕੀਤਾ।ਪ੍ਰੋ.ਰਾਜਵਿੰਦਰ ਕੌਰ ਨੇ ਸਾਰੇ ਪ੍ਰੋਗਰਾਮ ਦੇ ਸਫਲ ਮੁਕੰਮਲ ਹੋਣ ਤੇ ਸਭ ਦਾ ਧੰਨਵਾਦ ਕੀਤਾ।
- ਭਾਸ਼ਾ ਵਿਭਾਗ,ਪੰਜਾਬ ਵਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਕਾਲਜ ਦੇ ਵਿਦਿਆਰਥੀਆਂ ਨੂੰ ਪੰਜਾਬੀ ਮਾਂ-ਬੋਲੀ, ਸਾਹਿਤ ਅਤੇ ਸਭਿਆਚਾਰ ਨਾਲ ਜੋੜਨ ਅਤੇ ਸਿੱਖਿਆ ਸੰਸਥਾਵਾਂ ਵਿਚ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ 'ਭਾਸ਼ਾ ਮੰਚ' ਦੀ ਸਥਾਪਨਾ ਕੀਤੀ ਗਈ।ਇਸ ਭਾਸ਼ਾ ਮੰਚ ਦੇ ਅਹੁਦੇਦਾਰਾਂ ਵਿਚ ਡਾ.ਗੁਰਪ੍ਰੀਤ ਕੌਰ ਸਹਾਇਕ ਪ੍ਰੋਫੈਸਰ,ਪੰਜਾਬੀ ,ਸਰਪ੍ਰਸਤ ਨਿਸ਼ਾ ਚਿਸ਼ਤੀ (ਬੀ.ਏ ਭਾਗ

ਤੀਜਾ) ਪ੍ਰਧਾਨ,ਰਜਨੀਸ਼ ਧਾਲੀਵਾਲ(ਬੀ.ਏ ਭਾਗ ਦੂਜਾ) ਮੀਤ ਪ੍ਰਧਾਨ, ਬਲਜਿੰਦਰ ਬੇਗਮ (ਬੀ.ਏ ਭਾਗ ਦੂਜਾ) ਜਨਰਲ ਸਕੱਤਰ,ਸੁਖਦੀਪ ਕੌਰ(ਬੀ.ਏ ਭਾਗ ਤੀਜਾ) ਵੱਲੋਂ ਪ੍ਰੈਸ ਸਕੱਤਰ ਵਜੋਂ ਆਪਣੀ ਸੇਵਾ ਸੰਭਾਲੀ ਅਤੇ ਆਪਣੀ ਆਪਣੀ ਜਿੰ਼ਮੇਵਾਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰਣ ਲਿਆ।

- **ਹਿੰਦੀ ਵਿਭਾਗ :**

ਮਿਤੀ 7 ਮਈ, 2021 ਨੂੰ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਜੀ ਦੀ ਸਰਪ੍ਰਸਤੀ ਹੇਠ ਹਿੰਦੀ ਵਿਭਾਗ ਵੱਲੋਂ 'ਹਿੰਦੀ ਸਾਹਿਤਯ ਕੇ ਇਤਿਹਾਸ ਮੇਂ ਭਗਤੀ ਕਾਲ ਕਾ ਮਹੱਤਵ' ਵਿਸ਼ੇ ਉੱਤੇ ਆਨਲਾਈਨ ਗੈਸਟ ਲੈਕਚਰ ਕਰਵਾਇਆ ਗਿਆ। ਇਸ ਲੈਕਚਰ ਦੇ ਮੁੱਖ ਪ੍ਰਵਕਤਾ ਡਾ.ਜਗਜੀਤ ਕੌਰ ਜੀ(ਮੁਖੀ, ਹਿੰਦੀ ਵਿਭਾਗ) ਸਨ। ਕਾਲਜ ਦੇ ਹਿੰਦੀ ਵਿਭਾਗ ਦੇ ਪ੍ਰੋ.ਮਨਪ੍ਰੀਤ ਕੌਰ ਨੇ ਸਵਾਗਤੀ ਸ਼ਬਦ ਕਹਿੰਦਿਆਂ ਡਾ.ਜਗਜੀਤ ਕੌਰ ਜੀ ਦੀ ਸ਼ਖ਼ਸੀਅਤ ਨਾਲ ਜਾਣ ਪਹਿਚਾਣ ਕਰਵਾਈ। ਇਸ ਮੌਕੇ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਨੇ ਡਾ.ਜਗਜੀਤ ਕੌਰ ਜੀ ਦਾ ਸਵਾਗਤ ਕੀਤਾ। ਡਾ.ਜਗਜੀਤ ਕੌਰ ਜੀ ਨੇ ਭਗਤੀ ਕਾਲ ਦੀਆਂ ਪ੍ਰਸਥਿਤੀਆਂ, ਪ੍ਰਵਿਰਤੀਆਂ ਬਾਰੇ ਗੱਲ ਕਰਦਿਆਂ ਬੁੱਧ ਧਰਮ ਦੇ ਵਿਘਟਨ, ਵੈਸ਼ਣਵ ਧਰਮ ਦੀ ਮੁੜ ਉਸਾਰੀ ਅਤੇ ਇਸਲਾਮ ਧਰਮ ਦੇ ਆਗਮਨ ਫਲਸਰੂਪ ਭਗਤੀ ਸਾਹਿਤ ਵਿੱਚ ਆਈਆਂ ਤਬਦੀਲੀਆਂ ਉੱਤੇ ਚਾਨਣਾ ਪਾਇਆ।ਇਸ ਕਾਲ ਦੀਆਂ ਚਾਰ ਸ਼ਾਖ਼ਾਵਾਂ ਸੰਤ ਕਾਵਿ ਧਾਰਾ, ਸੂਫ਼ੀ ਕਾਵਿਧਾਰਾ, ਰਾਮਕਾਵਿ ਧਾਰਾ ਅਤੇ ਕ੍ਰਿਸ਼ਨ ਕਾਵਿ ਧਾਰਾ ਬਾਰੇ ਦੱਸਦਿਆਂ ਭਗਤੀ ਕਾਲ ਦੀ ਮਹੱਤਤਾ ਉੱਤੇ ਆਪਣੇ ਵਿਚਾਰ ਪੇਸ਼ ਕੀਤੇ।ਵੱਖ-ਵੱਖ ਉਦਾਹਰਣਾਂ ਦੁਆਰਾ ਉਨ੍ਹਾਂ ਵਿਦਿਆਰਥੀਆਂ ਨੂੰ ਇਹ ਸਮਝਾਇਆ ਕਿ ਭਗਤੀ ਕਾਲੀਨ ਸਾਹਿਤ ਅੱਜ ਵੀ ਪ੍ਰਸੰਗਿਕ ਹੈ।ਇਸ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾ ਕੇ ਅਸੀਂ ਸੁਚੱਜੇ ਢੰਗ ਨਾਲ ਜੀਵਨ ਜਿਉ ਸਕਦੇ ਹਾਂ। ਅੰਤ ਵਿੱਚ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਨੇ ਇਸ ਲੈਕਚਰ ਦੀ ਸਾਰਥਕਤਾ ਬਾਰੇ ਬੋਲਦਿਆਂ ਡਾ.ਜਗਜੀਤ ਕੌਰ ਜੀ ਦਾ ਧੰਨਵਾਦ ਕੀਤਾ।ਇਸ ਆਨਲਾਈਨ ਲੈਕਚਰ ਮੌਕੇ ਪ੍ਰੋ. ਮਨਜੀਤ ਕੌਰ ਜੀ, ਸਮੂਹ ਸਟਾਫ਼ ਮੈਂਬਰ ਅਤੇ ਵਿਦਿਆਰਥੀਆਂ ਨੇ ਆਨ ਲਾਈਨ ਮਾਧਿਅਮ ਰਾਹੀਂ ਸ਼ਮੂਲੀਅਤ ਕੀਤੀ।

- **ਰਾਜਨੀਤੀ ਤੇ ਇਤਿਹਾਸ ਵਿਭਾਗ :**

ਮਿਤੀ 26 ਨਵੰਬਰ 2021 ਨੂੰ ਪ੍ਰਿੰ. ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇੇਠ ਕਾਲਜ ਵਿਖੇ ਰਾਜਨੀਤੀ ਵਿਭਾਗ ਅਤੇ ਇਤਿਹਾਸ ਵਿਭਾਗ ਵਲੋਂ ਸਮੂਹਿਕ ਤੌਰ ਤੇ ਰਾਸ਼ਟਰੀ ਸੰਵਿਧਾਨ ਦਿਵਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸੰਵਿਧਾਨਿਕ ਜ਼ਿੰਮੇਵਾਰੀਆਂ ਨੂੰ ਉਭਾਰਨਾ,ਸੰਵਿਧਾਨ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਇਤਿਹਾਸ ਵਿਭਾਗ ਦੇ ਪ੍ਰੋਫੈਸਰ ਰਾਜਵਿੰਦਰ ਕੌਰ ਨੇ ਇਸ ਦਿਵਸ ਦੀ ਮਹੱਤਤਾ ਬਾਰੇ ਦੱਸਦਿਆਂ ਸੰਵਿਧਾਨ ਦੇ ਨਿਰਮਾਣ ਅਤੇ ਇਸਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ।ਰਾਜਨੀਤੀ ਵਿਭਾਗ ਦੇ ਪ੍ਰੋਫੈਸਰ ਹਰਵਿੰਦਰ ਕੌਰ ਨੇ ਸੰਵਿਧਾਨ ਦੀ ਪ੍ਰਸਤਾਵਨਾ ਅਤੇ ਮੌਲਿਕ ਵਿਸ਼ੇਸ਼ਤਾਵਾਂ ਤੇ ਚਾਨਣਾਂ ਪਾਇਆ।ਕਾਲਜ ਦੇ ਮਾਣਯੋਗ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਨੇ ਸੰਵਿਧਾਨ ਦੇ ਵਿਸ਼ੇਸ਼ ਤੱਥਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਵਾਈਸ ਪ੍ਰਿੰ.ਮਨਜੀਤ ਕੌਰ ਜੀ ਨੇ ਪ੍ਰਿੰਸੀਪਲ,ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਪ੍ਰੋ.ਪ੍ਰਿਅੰਕਾ,ਪ੍ਰੋ.ਹਰਪ੍ਰੀਤ ਕੌਰ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

- **ਬਾਲੜੀ ਦਿਵਸ :**

ਮਿਤੀ 11 ਅਕਤੂਬਰ 2021: ਪ੍ਰਿੰ.ਡਾ. ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਵਿਖੇ ਰਾਜਨੀਤੀ ਵਿਭਾਗ ਵਲੋਂ ਦਾ ਆਯੋਜਨ ਕੀਤਾ ਗਿਆ,ਜਿਸਦਾ ਥੀਮ ' ਡਿਜ਼ੀਟਲ ਪੀੜ੍ਹੀ ਸਾਡੀ ਪੀੜ੍ਹੀ ' ਰਾਹੀਂ ਦੱਸਿਆ ਕਿ ਲੜਕੀਆਂ ਦੇ ਸ਼ਸ਼ਕਤੀਕਰਨ ਅਤੇ ਉਨਾਂ ਦੇ ਮਨੁੱਖੀ ਅਧਿਕਾਰਾਂ ਦੀ ਪੂਰਤੀ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ।ਪ੍ਰੋ. ਹਰਵਿੰਦਰ ਕੌਰ ਨੇ ਇਸ ਪ੍ਰੋਗਰਾਮ ਤੇ ਆਪਣੇ ਵਿਚਾਰ ਪ੍ਰਗਟਾਉਦਿਆਂ ਕਿਹਾ ਕਿ ਅਜੋਕੇ ਸਮੇਂ ਵਿੱਚ ਲੜਕੀਆਂ ਨਾਲ ਭੇਦ-ਭਾਵ ਕੀਤਾ ਜਾ ਰਿਹਾ ਹੈ ਜੋ ਕਿ ਨਹੀਂ ਹੋਣਾ ਚਾਹੀਦੇ।ਲੜਕਿਆਂ ਦੀ ਤਰਾਂ ਉਨਾਂ ਨੂੰ ਵੀ ਸਮਾਨ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ ਅਤੇ ਨਵੇਂ ਨਵੇਂ ਮੌਕੇ ਪੈਦਾ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਲੜਕੀਆਂ ਵੀ ਤਰੱਕੀ ਕਰ ਸਕਣ।ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਨੇ ਵਿਦਿਆਰਥੀਆਂ ਨੂੰ ਇਸ ਦਿਵਸ ਦੀ ਮਹੱਤਤਾ ਦੱਸਦਿਆਂ ਹੋਇਆਂ ਲੜਕੀਆਂ ਨੂੰ ਉਨਾ੍ਹ ਦੇ ਅਧਿਕਾਰਾਂ ਸਬੰਧੀ ਜਾਗਰੂਕ ਕਰਦਿਆਂ ਆਪਣੀ ਵੋਟ ਦੇ ਅਧਿਕਾਰ ਦਾ ਸਹੀ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਰਾਜਨੀਤੀ ਵਿਭਾਗ ਵਲੋਂ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ ਵਿਦਿਆਰਥੀਆਂ ਵਲੋਂ ਰੈਲੀ ਕੱਢ ਕੇ ਆਲੇ -ਦੁਆਲੇ ਦੇ ਲੋਕਾਂ ਨੂੰ ਅੰਤਰਰਾਸ਼ਟਰੀ ਬਾਲੜੀ ਦਿਵਸ ਪ੍ਰਤੀ ਜਾਗਰੂਕ ਕੀਤਾ ਗਿਆ।ਇਸ ਮੌਕੇ ਤੇ ਵਾਈਸ ਪ੍ਰਿੰਸੀਪਲ ਪ੍ਰੋ.ਮਨਜੀਤ ਕੌਰ ਜੀ ਨੇ ਪ੍ਰਿੰਸੀਪਲ, ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਤੇ ਪ੍ਰੋ.ਸੁਖਦੀਪ ਕੌਰ,ਪ੍ਰੋ.ਰੁਪਿੰਦਰ ਕੌਰ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

- **ਅੰਗਰੇਜ਼ੀ ਵਿਭਾਗ :**

8 ਮਾਰਚ 2022 ਨੂੰ ਕਾਲਜ ਕੈਂਪਸ ਵਿੱਚ ਅੰਗਰੇਜ਼ੀ ਵਿਭਾਗ ਅਤੇ ਐੱਨ. ਐਸ. ਐਸ. ਵਿਭਾਗ ਵਲੋਂ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਦੀ ਯੋਗ ਅਗਵਾਈ ਹੇਠ ਅੰਤਰਰਾਸ਼ਟਰੀ  ਮਹਿਲਾ ਦਿਵਸ ਮਨਾਇਆ ਗਿਆ। ਸਮਾਗਮ ਦਾ ਉਦਘਾਟਨ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਵਲੋਂ ਕੀਤਾ ਗਿਆ। ਇਸ ਵਿੱਚ ਸਿੱਖਿਆ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਮਹਾਨ ਸਖਸ਼ੀਅਤਾਂ ਸ਼੍ਰੀਮਤੀ ਯੋਗਿਤਾ ਰਾਵਤ (ਪ੍ਰਿੰਸੀਪਲ ਭਾਈ ਨੰਦ ਲਾਲ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਮੋਰਿੰਡਾ), ਸ਼੍ਰੀਮਤੀ ਕਮਲਜੀਤ ਕੋਰ ( ਪ੍ਰਿੰਸੀਪਲ ਆਰੀਆ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ) ਅਤੇ ਸ਼੍ਰੀਮਤੀ ਗੁਰਪ੍ਰੀਤ ਕੌਰ ( ਵਾਇਸ ਪ੍ਰਿੰਸੀਪਲ ਖਾਲਸਾ ਗਰਲਜ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਯੋਗਿਤਾ ਰਾਵਤ ਨੇ ਦਿਨੋ-ਦਿਨ ਵਧ ਰਹੇ ਸਾਈਬਰ ਕਰਾਈਮ ਜਿਹੇ ਗੰਭੀਰ ਮੁੱਦੇ ਬਾਰੇ ਜਾਣੂ ਕਰਵਾਇਆ। ਪ੍ਰਿੰਸੀਪਲ ਕਮਲਜੀਤ ਕੌਰ ਨੇ  "ਜੀਵਨ ਵਿੱਚ ਕੁਝ ਵੀ ਅਸੰਭਵ ਨਹੀਂ" ਨੂੰ ਆਪਣੇ ਜੀਵਨ ਦਾ ਮੋਟਿਫ ਬਣਾਉਣ ਲਈ ਉਤਸ਼ਾਹਿਤ ਕੀਤਾ । ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਏ ਜਾਣ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਵਾਈਸ ਪ੍ਰਿੰਸੀਪਲ ਪ੍ਰੋ. ਮਨਜੀਤ ਕੋਰ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਏ ਜਾਣ ਦੇ ਉਦੇਸ਼ ਬਾਰੇ ਜਾਣੂੰ ਕਰਵਾਇਆ। ਅੰਗਰੇਜ਼ੀ ਵਿਭਾਗ ਦੇ ਮੁਖੀ ਪ੍ਰੋ.ਦਿਵਿਆ ਸ਼ਰਮਾ ਨੇ ਬੜੇ ਖੂਬਸੂਰਤ ਢੰਗ ਨਾਲ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ। ਅੰਤ ਵਿੱਚ ਪ੍ਰੋ.ਮਨਜੀਤ ਕੌਰ ਵਲੋ ਪ੍ਰੋਗਰਾਮ ਨੂੰ ਨੇਪਰੇ ਚਾੜਣ ਵਿੱਚ ਸਹਿਯੋਗ ਦੇਣ ਲਈ ਪ੍ਰੋ. ਨਵਜੋਤ ਕੌਰ, ਪ੍ਰੋ.ਸੁਖਦੀਪ ਕੌਰ,ਪ੍ਰੋ.ਹਰਪ੍ਰੀਤ ਕੌਰ, ਪ੍ਰੋ ਸਿਮਰਨਜੀਤ ਕੌਰ,ਪ੍ਰੋ ਜਸਪ੍ਰੀਤ ਕੌਰ ਦਾ ਧੰਨਵਾਦ ਕੀਤਾ। ਇਸ ਮੌਕੇ ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਰਹੇ।

- **ਸਰੀਰਕ ਸਿੱਖਿਆ ਵਿਭਾਗ :**

ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ.ਹਰਬੰਸ ਕੌਰ ਦੀ ਦੇਖ-ਰੇਖ ਹੇਠ ਮਿਤੀ 28 ਅਗਸਤ 2021 ਨੂੰ ਮਹਾਨ ਹਾਕੀ ਖਿਡਾਰੀ ਮੇਜਰ ਧਿਆਨ ਚੰਦ ਜੀ ਦੇ ਜਨਮ ਦਿਨ ਨੂੰ ਸਮਰਪਿਤ ਰਾਸ਼ਟਰੀ ਖੇਡ ਦਿਵਸ ਮਨਾਇਆ ਗਿਆ।ਇਸ ਮੌਕੇ ਕਾਲਜ ਵਿਚ ਕਰਾਸ ਕੰਟਰੀ ਮੁਕਾਬਲੇ ਕਰਵਾਏ ਗਏ।ਪ੍ਰਿੰ.ਡਾ ਪੁਸ਼ਪਿੰਦਰ ਕੌਰ ਵਲੋਂ ਹਰੀ ਝੰਡੀ ਦਿਖਾ ਕੇ ਕਰਾਸ ਕੰਟਰੀ ਮੁਕਾਬਲਿਆਂ ਦੀ ਸੁਰੂਆਤ ਕਰਵਾਈ ਗਈ।ਇਨਾਂ੍ਹ ਮੁਕਾਬਲਿਆਂ ਦੇ ਵਿਚ ਕਾਲਜ ਦੇ 39 ਖਿਡਾਰੀਆਂ ਨੇ ਭਾਗ ਲਿਆ।ਉਪਰੰਤ ਇਨਾਮ ਵੰਡ ਸਮਾਗਮ ਦੇ ਵਿਚ ਪਹੁੰਚੇ ਪੈਨ ਚੈੱਕ ਸਿਲਾਟ ਦੇ ਕੋਚ ਨੀਰਜ ਸ਼ਰਮਾ ਵਲੋਂ ਰਾਸ਼ਟਰੀ ਖੇਡ ਦਿਵਸ ਦੀ ਮਹੱਤਤਾ ਤੇ ਰੋਸ਼ਨੀ ਪਾਈ ਗਈ। ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ.ਹਰਬੰਸ ਸਿੰਘ ਕੰਧੋਲਾ ਵਲੋਂ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਦੀ ਰਸਮ ਅਦਾ ਕੀਤੀ ਗਈ।ਇਸ ਮੌਕੇ ਬੋਲਦਿਆਂ ਉਨਾਂ੍ਹ ਜੇਤੂ ਖਿਡਾਰੀਆਂ ਦੀ ਸ਼ਲਾਘਾ ਕਰਦਿਆਂ ਹੋਰਨਾਂ ਵਿਦਿਆਰਥੀਆਂ ਨੂੰ ਵੀ ਖੇਡਾਂ ਵਿਚ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਮੈਂਬਰ ਸ.ਜਾਗੀਰ ਸਿੰਘ ਦੁੱਮਣਾ,ਸੂਬੇਦਾਰ ਕੇਸਰ ਸਿੰਘ, ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।ਸਮਾਗਮ ਦੇ ਅੰਤ ਵਿਚ ਉਪ-ਪ੍ਰਿੰਸੀਪਲ ਪ੍ਰੋ.ਮਨਜੀਤ ਕੌਰ ਨੇ ਰਾਸ਼ਟਰੀ ਖੇਡ ਦਿਵਸ ਨੂੰ ਸਫਲ ਬਣਾਉਣ ਲਈ ਸ.ਸੁਪਿੰਦਰ ਸਿੰਘ ਭੰਗੂ,ਸ.ਤਾਰਾ ਸਿੰਘ ਚਾਹਲ,ਸ੍ਰੀ.ਜਨਕ ਰਾਜ ਤੇ ਸਿਹਤ ਵਿਭਾਗ ਤੋਂ ਸ.ਅਵਤਾਰ ਸਿੰਘ,ਪ੍ਰੋ.ਨਵਜੋਤ ਕੌਰ,ਪ੍ਰੋ.ਸੁਖਦੀਪ ਕੌਰ,ਪ੍ਰੋ.ਹਰਪ੍ਰੀਤ ਕੌਰ ਤੇ ਸਮੂਹ ਸਟਾਫ਼ ਦਾ ਧੰਨਵਾਦ ਕੀਤਾ।

- **ਲਾਇਬ੍ਰੇਰੀ ਗਤੀਵਿਧੀਆਂ:**

ਮਿਤੀ 12 ਅਗਸਤ 2021 ਨੂੰ ਡਾ. ਰੰਗਾਨਾਥਨ ਦੇ ਜਨਮ ਦਿਵਸ ਨੂੰ ਸਮਰਪਿਤ ਕਾਲਜ ਦੇ ਲਾਇਬ੍ਰੇਰੀ ਸਟਾਫ਼ ਵਲੋਂ ਲਾਇਬ੍ਰੇਰੀ ਦਿਵਸ ਮਨਾਇਆ ਗਿਆ । ਇਸ ਮੌਕੇ ਕਾਲਜ ਲਾਇਬ੍ਰੇਰੀਅਨ ਸ੍ਰੀਮਤੀ ਲਵਪ੍ਰੀਤ ਕੌਰ ਦੀ ਦੇਖ-ਰੇਖ ਹੇਠ ਪੁਸਤਕ ਪ੍ਰਦਰਸ਼ਨੀ ਲਗਾਈ ਗਈ।ਲਾਇਬ੍ਰੇਰੀ ਸਟਾਫ ਵਲੋਂ ਲਾਇਬ੍ਰੇਰੀ ਸੇਵਾਵਾਂ ਦੀ ਵਧੇਰੇ ਵਰਤੋਂ ਕਰਨ ਕਰਕੇ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ, ਪ੍ਰੋ ਮਨਜੀਤ ਕੌਰ, ਪ੍ਰੋ ਮਨਪ੍ਰੀਤ ਕੌਰ ਨੂੰ ਸਨਮਾਨਿਤ ਕਰਨ ਤੋਂ ਇਲਾਵਾ ਕਾਲਜ ਦੇ ਵਿਦਿਆਰਥੀਆਂ ਲਵਪ੍ਰੀਤ ਕੌਰ ਬੀ.ਕਾਮ -2 , ਰੁਪਿੰਦਰ ਕੌਰ ਬੀ-ਕਾਮ-1 ,ਸਿਮਰਨਜੀਤ ਕੌਰ ,ਬੀ.ਸੀ.ਏ-2, ਇਕਮਿੰਦਰ ਕੌਰ ਬੀ.ਏ-2 ,ਹਰਮਨਪ੍ਰੀਤ ਕੌਰ ਬੀ.ਬੀ.ਏ-2 ਨੂੰ ਵੀ ਇਨਾਮ ਦਿੱਤੇ ਗਏ।

- ਲਾਇਬ੍ਰੇਰੀ ਵਿਭਾਗ ਵਲੋਂ 'ਲਾਇਬ੍ਰੇਰੀ ਓਰੀਐਂਨਟੇਸ਼ਨ' ਦਿਵਸ ਮਨਾਇਆ ਗਿਆ। ਜਿਸ ਤਹਿਤ ਲਾਇਬ੍ਰੇਰੀ ਸਟਾਫ਼ ਵਲੋਂ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਨਵੇਂ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦਾ ਦੌਰਾ ਕਰਵਾਇਆ ਗਿਆ। ਇਸ ਸਬੰਧੀ ਲਾਇਬ੍ਰੇਰੀਅਨਸ੍ਰੀਮਤੀ ਲਵਪ੍ਰੀਤ ਕੌਰ ਨੇ ਦੱਸਿਆ ਕਿ ਬੀ.ਏ, ਬੀ ਕਾਮ ,ਬੀ.ਸੀ.ਏ ਤੇ ਬੀ.ਬੀ.ਏ ਦੇ ਪਹਿਲੇ ਭਾਗ ਦੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੀਆ ਵੱਖ-ਵੱਖ ਸੇਵਾਵਾਂ ਸਬੰਧੀ ਜਾਣੂੰ ਕਰਵਾਇਆ ਤੇ ਜ਼ਿੰਦਗੀ ਚ ਕਿਤਾਬਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨਾਂ ਕਿਹਾ ਕਿ ਜੋ ਵਿਦਿਆਰਥੀ ਵੱਧ ਤੋਂ ਵੱਧ ਲਾਇਬ੍ਰੇਰੀ ਦਾ ਲਾਭ ਉਠਾਉਣਗੇ ਉਨਾਂ ਨੂੰ ਸੈਸ਼ਨ ਦੇ ਅਖੀਰ ਚ ਸਨਮਾਨਿਤ ਵੀ ਕੀਤਾ ਜਾਵੇਗਾ।

- ਸਿੱਖਿਆ ਵਿਭਾਗ ਦੇ ਦਿਸ਼ਾ -ਨਿਰਦੇਸ਼ਾਂ ਤਹਿਤ ਚਲਾਈ ਜਾ ਰਹੀ 'ਬੁੱਕਸ ਡੋਨੇਸ਼ਨ ਟੂ ਲਾਇਬ੍ਰੇਰੀਰਜ਼' ਮੁਹਿੰਮ ਅਧੀਨ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਵਲੋਂ ਕਾਲਜ ਦੀ

ਲਾਇਬ੍ਰੇਰੀ ਲਈ ਕਿਤਾਬਾਂ ਭੇਂਟ ਕੀਤੀਆਂ ਗਈਆਂ। ਕਾਲਜ ਲਾਇਬ੍ਰੇਰੀਅਨ ਸ੍ਰੀਮਤੀ ਲਵਪ੍ਰੀਤ ਕੌਰ ਨੇ ਅਧਿਆਪਕਾਂ ਵਲੋਂ ਲਾਇਬ੍ਰੇਰੀ ਲਈ ਕਿਤਾਬਾਂ ਭੇਂਟ ਕਰਨ ਦੇ ਉਪਰਾਲੇ ਦੀ ਸਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਪੁਸਤਕਾਂ ਪੜ੍ਹਨ ਦਾ ਮੌਕਾ ਮਿਲੇਗਾ।

**ਹੋਰ ਗਤੀਵਿਧੀਆਂ :**

- ਮਿਤੀ 10 ਮਈ 2021 ਨੂੰ ਕਾਲਜ ਦੇ ਵੱਖ-ਵੱਖ ਵਿਭਾਗਾਂ - ਆਰਟਸ,ਕਾਮਰਸ,ਮੈਨੇਜਮੈਂਟ ਅਤੇ ਕੰਪਿਊਟਰ ਵਿਭਾਗ ਦੁਆਰਾ ਵਿਦਿਆਰਥਣਾਂ ਦੇ ਮਾਪਿਆਂ ਨਾਲ ਗੂਗਲ ਮੀਟ ਰਾਹੀਂ ਮੀਟਿੰਗ ਕੀਤੀ ਗਈ।ਸਾਰੇ ਵਿਭਾਗਾਂ ਦੇ ਸਬਜੈਕਟ ਟੀਚਰਜ਼ ਨੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਆਨ-ਲਾਈਨ ਕਲਾਸਾਂ ਵਿਚ ਹਾਜ਼ਰੀ,ਅਸਾਈਨਮੈਂਟ ਸਬਮਿਸ਼ਨ,ਅਸਾਈਨਮੈਂਟ ਪ੍ਰੈਜ਼ਨਟੇਸ਼ਨ, ਮਿਡਟਰਮ ਪੇਪਰਾਂ ਵਿਚ ਕਾਰਗੁਜ਼ਾਰੀ ਤੋਂ ਜਾਣੂੰ ਕਰਵਾਇਆ।ਮਈ ਦੇ ਅੰਤਮ ਹਫ਼ਤੇ ਹੋਣ ਜਾ ਰਹੀਆਂ ਆਨ-ਲਾਈਨ ਫਾਈਨਲ ਪ੍ਰੀਖਿਆਵਾਂ ਬਾਰੇ ਅਗਾਉਂ ਸੂਚਿਤ ਕੀਤਾ ਗਿਆ।ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਦੁਆਰਾ ਮਾਪਿਆਂ ਦੁਆਰਾ ਦਿੱਤੇ ਗਏ ਸੁਝਾਵਾਂ ਤੇ ਗੌਰ ਕਰਨ ਦਾ ਭਰੋਸਾ ਦਿੱਤਾ।

- 01 ਸਤੰਬਰ 2021 ਨੂੰ ਕਾਲਜ ਦੀ ਪ੍ਰਬੰਧਕ ਕਮੇਟੀ,ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵਲੋਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦਾ ਆਗਮਨ ਪੁਰਬ ਮਨਾਇਆ ਗਿਆ।ਇਸ ਮੌਕੇ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਗਏ,ਉਪਰੰਤ ਕਾਲਜ ਦੀਆਂ ਵਿਦਿਆਰਥਣਾਂ,ਮਿਊਜ਼ਿਕ ਵਿਭਾਗ ਦੇ ਪ੍ਰੋਫੈਸਰ ਸਿਮਰਨਜੀਤ ਕੌਰ ਅਤੇ ਪ੍ਰੋ.ਮਨਜੀਤ ਕੌਰ ਨੇ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਪ੍ਰਿੰ.ਡਾ.ਪੁਸ਼ਪਿੰਦਰ ਕੌਰ ਨੇ ਸਮੂਹ ਸੰਗਤ ਨੂੰ ਜੀਅ ਆਇਆਂ ਕਹਿੰਦਿਆਂ ਸਾਹਿਬਜ਼ਾਦਿਆਂ ਦੇ ਆਗਮਨ ਪੁਰਬ ਦੀ ਵਧਾਈ ਦਿੱਤੀ।ਉਪ ਪ੍ਰਿੰਸੀਪਲ ਪ੍ਰੋ.ਮਨਜੀਤ ਕੌਰ ਨੇ ਸਾਹਿਬਜ਼ਾਦਿਆਂ ਦੇ ਜੀਵਨ ਅਤੇ ਲਾਸਾਨੀ ਕੁਰਬਾਨੀ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਧਰਮ ਅਤੇ ਮਨੁੱਖੀ ਸੁਤੰਤਰਤਾ ਦੀ ਖਾਤਰ ਜੋ ਸ਼ਹਾਦਤ ਏਨੀ ਛੋਟੀ ਉਮਰ 'ਚ ਸਾਹਿਬਜ਼ਾਦਿਆਂ ਨੇ ਦਿੱਤੀ,ਉਸਦੀ ਮਿਸਾਲ ਦੁਨੀਆਂ ਵਿਚ ਕਿਧਰੇ ਨਹੀਂ ਮਿਲਦੀ।ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ.ਹਰਬੰਸ ਸਿੰਘ ਕੰਧੋਲਾ ਨੇ ਕਿਹਾ ਕਿ ਸਾਹਿਬਜ਼ਾਦਿਆਂ ਦਾ ਜੀਵਨ ਸਮੁੱਚੀ ਨੌਜਵਾਨ ਪੀੜ੍ਹੀ ਲਈ ਚਾਨਣ ਮੁਨਾਰਾ ਹੈ।ਉਨਾਂ੍ਹ ਨੇ ਕਿਹਾ ਕਿ ਸਾਨੂੰ ਸਾਹਿਬਜ਼ਾਦਿਆਂ ਦੇ ਪਾਏ ਪੂਰਨਿਆਂ ਤੇ ਤੁਰਨ ਲਈ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਮਾਰਗ ਨੂੰ ਅਪਨਾਉਣ ਦੀ ਲੋੜ ਹੈ। ਉਨਾਂ੍ਹ ਇਸ ਮੌਕੇ ਪਹੁੰਚੀ ਸਮੂਹ ਸੰਗਤ ਦਾ ਧੰਨਵਾਦ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਮੈਂਬਰ ਸ੍ਰੀ ਜਨਕ ਰਾਜ ਜੀ,ਸ੍ਰ.ਜਾਗੀਰ ਸਿੰਘ ਜੀ ਦੁੱਮਣਾ,ਸੂਬੇਦਾਰ ਕੇਸਰ ਸਿੰਘ ਜੀ, ਸਮੂਹ ਕਾਲਜ ਸਟਾਫ਼ ਤੋਂ ਇਲਾਵਾ ਖਾਲਸਾ ਸੀਨੀ. ਸੈਕੰ.ਸਕੂਲ ਮੋਰਿੰਡਾ ਦੇ ਮੈਡਮ ਸ੍ਰੀਮਤੀ ਗੁਰਪ੍ਰੀਤ ਕੌਰ ਤੇ ਸਮੂਹ ਸਟਾਫ਼ ਹਾਜ਼ਰ ਸਨ।
- ਮਿਤੀ 12 ਮਾਰਚ 2022 ਨੂੰ ਕਾਲਜ ਵਿਚ ਐਲੂਮਨੀ ਮੀਟ ਕਰਵਾਈ ਗਈ ।ਇਸ ਮੌਕੇ ਪ੍ਰਿੰ.ਡਾ.ਪੁਸ਼ਪਿੰਦਰ ਕੌਰ ਅਤੇ ਕਾਲਜ ਦੇ ਸਟਾਫ਼ ਵਲੋਂ ਪੁਰਾਣੇ ਵਿਦਿਆਰਥੀਆਂ ਦਾ ਕਾਲਜ ਪਹੁੰਚਣ ਤੇ ਹਾਰਦਿਕ ਸਵਾਗਤ ਕੀਤਾ ਗਿਆ।ਕਾਲਜ ਦੀਆਂ ਸਾਬਕਾ ਵਿਦਿਆਰਥਣਾਂ ਵਲੋਂ ਆਪਣੇ ਤਜ਼ਰਬਿਆਂ ਨੂੰ ਸਾਂਝਾ ਕੀਤਾ ਗਿਆ ।ਉਨਾਂ ਆਪਣੇ ਅਧਿਆਪਕਾਂ ਦੀ ਸਲਾਘਾ ਕਰਦਿਆਂ ਕਿਹਾ ਕਿ ਜਿੱਥੇ ਇਹ ਕਾਲਜ ਮਿਆਰੀ ਸਿੱਖਿਆ ਮੁਹੱਈਆ ਕਰਵਾ ਰਿਹਾ ਹੈ ਉੱਥੇ ਹੀ ਇਹ ਵਿਦਿਆਰਥੀਆਂ ਨੂੰ ਅਗਲੇਰੇ ਜੀਵਨ ਲਈ ਵੀ ਉਸਾਰੂ ਸੇਧ ਪ੍ਰਦਾਨ ਕਰ ਰਿਹਾ ਹੈ।ਉਨਾਂ ਕਿਹਾ ਕਿ ਇਸ ਕਾਲਜ ਸਦਕਾ ਹੀ ਅੱਜ ਉਹ ਵੱਖ-ਵੱਖ

ਖੇਤਰਾਂ ਵਿਚ ਉੱਚ ਮੁਕਾਮ ਹਾਸਲ ਕਰਕੇ ਵੱਖ-ਵੱਖ ਅਹੁਦਿਆਂ ਤੇ ਬਿਰਾਜਮਾਨ ਹਨ।ਇਸ ਮੌਕੇ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕਾਂ- ਕੰਵਲਜੀਤ ਕੌਰ,ਕੁਲਜੀਤ ਕੌਰ,ਕਿਰਨਦੀਪ ਕੌਰ,ਮਨਪ੍ਰੀਤ ਕੌਰ,ਅਮਨਦੀਪ ਕੌਰ ਅਤੇ ਨਵਪ੍ਰੀਤ ਕੌਰ ਨੇ ਆਪੋ-ਆਪਣੇ ਵਿਚਾਰ ਪ੍ਰਗਟਾਏ।ਪ੍ਰਿੰ. ਡਾ.ਪੁਸ਼ਪਿੰਦਰ ਕੌਰ ਵਲੋਂ ਇਨਾਂ੍ਹ ਵਿਦਿਆਰਥਣਾਂ ਨੂੰ ਯਾਦਗਾਰੀ ਚਿੰਨਾਂ੍ਹ ਨਾਲ ਸਨਮਾਨਿਤ ਕੀਤਾ।ਵਾਈਸ ਪ੍ਰਿੰਸੀਪਲ ਅਤੇ ਐਲੂਮਨੀ ਕਮੇਟੀ ਦੇ ਮੈਂਬਰਾਂ- ਪ੍ਰੋ.ਜਸਪ੍ਰੀਤ ਕੌਰ,ਪ੍ਰੋ.ਰਾਜਵਿੰਦਰ ਕੌਰ,ਪ੍ਰੋ.ਹਰਪ੍ਰੀਤ ਕੌਰ ਨੇ ਇਸ ਪ੍ਰੋਗਰਾਮ ਵਿਚ ਵਿਸ਼ੇਸ਼ ਭੂਮਿਕਾ ਨਿਭਾਈ।

- 13 ਅਪ੍ਰੈਲ 2022 ਨੂੰ ਕਾਲਜ ਕੈਂਪਸ ਦੇ ਗੁਰਦੁਆਰਾ ਸਾਹਿਬ ਵਿਚ ਵਿਸਾਖੀ ਦਾ ਦਿਹਾੜਾ ਮਨਾਇਆ ਗਿਆ ਇਸ ਮੌਕੇ ਕਾਲਜ ਦੀਆਂ ਵਿਦਿਆਰਥਣਾਂ ਤੋਂ ਇਲਾਵਾ ਪ੍ਰੋ.ਮਨਜੀਤ ਕੌਰ ਅਤੇ ਪ੍ਰੋ.ਸਿਮਰਨਜੀਤ ਕੌਰ ਨੇ ਗੁਰਬਾਣੀ ਦਾ ਕੀਰਤਨ ਕੀਤਾ ।ਪ੍ਰਿੰ.ਡਾ.ਪੁਸ਼ਪਿੰਦਰ ਕੌਰ ਨੇ ਵਿਸਾਖੀ ਦੇ ਦਿਹਾੜੇ ਦੀ ਵਧਾਈ ਦਿੰਦਿਆਂ ਇਸ ਦਿਨ ਦੇ ਮਹਾਤਮ 'ਤੇ ਵਿਚਾਰ ਪ੍ਰਸਤੁਤ ਕੀਤੇ।ਇਸ ਸਮਾਗਮ ਵਿਚ ਕਾਲਜ ਦੇ ਸਮੂਹ ਵਿਦਿਆਰਥੀ ਅਤੇ ਸਟਾਫ਼ ਹਾਜ਼ਰ ਸੀ।

## ➢ ਕਾਲਜ ਸਟਾਫ ਦੀਆਂ ਅਕਾਦਮਿਕ ਪ੍ਰਾਪਤੀਆਂ : ਕੋਈ ਨਹੀਂ

**15. ਵਿਦਿਆਰਥੀਆਂ ਦੁਆਰਾ ਵਿਸ਼ੇਸ਼ ਅਕਾਦਮਿਕ ਪ੍ਰਾਪਤੀਆਂ (ਯੂਨੀਵਰਸਿਟੀ ਪੱਧਰ 'ਤੇ)** : ਕੋਈ ਨਹੀਂ

**16. ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਰਾਜ,ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਿਸ਼ੇਸ਼ ਪ੍ਰਾਪਤੀਆਂ** :

### <u>ਖੇਡ ਪ੍ਰਾਪਤੀਆਂ ਦਾ ਵੇਰਵਾ</u> :

### <u>ਸ਼ੈਸ਼ਨ-2021-22</u>

- **ਪੈਨਚੈੱਕ ਸਿਲਾਟ ਜੂਨੀਅਰ,ਸੀਨੀਅਰ ਅਤੇ ਮਾਸਟਰ ਨੈਸ਼ਨਲ ਪੈਨਚੈੱਕ ਸਿਲਾਟ , ਚੈਂਪੀਅਨਸ਼ਿਪ, (11ਤੋਂ 14 ਮਾਰਚ 2022) G.H.G.College,Siddhar(Ludhiana)**

| ਖੇਡ | ਵਿਦਿਆਰਥੀ ਦਾ ਨਾਂ | ਪੁਜ਼ੀਸ਼ਨ |
|---|---|---|
| ਪੈਨਚੈੱਕ ਸਿਲਾਟ | ਮਨੀਸ਼ਾ | Fight Event-60 kg(Gold Medal) |
| ਰੇਗੂ,ਤੁੰਗਲ ਈਵੈਂਟ | ਅੰਜੂ | Participation |
| ਰੇਗੂ,ਗਾਂਡਾ ਈਵੈਂਟ | ਜਮੁਨਾ ਭੋਈ | Participation |

- **5th Pencheck Silat Federation Cup 2021-22,(26 to 28 March2022) ,Lovely Professional University Phagwara (Pb.)**

| | | |
|---|---|---|
| ਪੈਨਚੈੱਕ ਸਿਲਾਟ | ਅੰਜੂ | Fight Event-70 kg(BrownzMedal) |

- **All India Inter University Grappling Wrestling Championship,(31 March to 4 April 2022),M.D.U.Rohatk(Haryana)**

| | | |
|---|---|---|
| Grappling Wrestling | ਅੰਜੂ | Fight Event-Participation |
| | ਮਨੀਸ਼ਾ | Fight Event-58Kg (Brownz Medal) |
| | ਅੰਜੂ | -50 kg Participation |

- **ਆਲ਼ ਇੰਡੀਆ ਇੰਟਰਯੂਨੀਵਰਸਿਟੀ ਚੈਂਪੀਅਨਸ਼ਿਪ,**

| | |
|---|---|
| ਪੈਨਚੈਕ ਸਿਲਾਟ | ਅੰਜੂ |
| | ਮਨੀਸ਼ਾ |
| | ਜਮੁਨਾ ਭੌਂਈ |

- **Pen Check Silat State Trail Tanding (Fight)**

| | | |
|---|---|---|
| ਪੈਨਚੈੱਕ ਸਿਲਾਟ | ਜਮੁਨਾ ਭੌਂਈ | -50 kg Brownz Medal |
| | ਅੰਜੂ | 55 kg Gold Medal |
| | ਮਨੀਸ਼ਾ | 60 kg Gold Medal |
| | ਰਾਖੀ | -65 kg Silver Medal |
| ਰੇਗੂ ਈਵੈਂਟ | ਅੰਜੂ | Gold Medal |
| | ਮਨੀਸ਼ਾ | Gold Medal |
| | ਜਮੁਨਾ | Gold Medal |
| ਤੁੰਗਲ ਈਵੈਂਟ | ਅੰਜੂ | Gold Medal |
| ਗਾਂਡਾ ਈਵੈਂਟ | ਮਨੀਸ਼ਾ | Gold Medal |
| | ਜਮੁਨਾ | Gold Medal |

- **Pen Check Silat Ist National Grappling Championship,(20 Oct to 22 Oct 2021),I.G.Sports Complex,New Delhi**

| **ਖੇਡ** | **ਵਿਦਿਆਰਥੀ ਦਾ ਨਾਂ** | **ਪੁਜ਼ੀਸ਼ਨ** |
|---|---|---|

ਪੈਨਚੈੱਕ ਸਿਲਾਟ ਅੰਜੂ Fight Events 54 kg Participation
ਜਮੁਨਾ 50 kg Participation
ਅਮਨਦੀਪ ਕੌਰ 58 kg Participation

- **ਹੈਡਬਾਲ ਇੰਟਰਕਾਲਜ ਚੈਂਪੀਅਨਸ਼ਿਪ**, (11 **to 30 Oct 2021), ਖਾਲਸਾ ਕਾਲਜ,ਪਟਿਆਲਾ**

ਹੈਂਡਬਾਲ ਕਾਲਜ ਟੀਮ ਚੌਥੀ ਪੁਜੀਸ਼ਨ

- **Wushu ਇੰਟਰਕਾਲਜ ਚੈਂਪੀਅਨਸ਼ਿਪ**,(1,2 **ਨਵੰਬਰ** 2021) **ਪੰਜਾਬ ਯੂਨੀਵਰਸਿਟੀ,ਪਟਿਆਲਾ।**

Wushu ਮਨੀਸ਼ਾ 60 kg - IInd Position
ਅੰਜੂ,ਜਮੁਨਾ Artistic Events-IInd Position

- **Marathon & Walk Inter College Championship, (10,11 Nov 2021),A.D.C.P.E Masatuna Sahib**

Marathon & Walk ਕਾਲਜ ਟੀਮ Participation

- **ਰਗਬੀ ਇੰਟਰਕਾਲਜ ਚੈਂਪੀਅਨਸ਼ਿਪ**, (18,19**ਅਕਤੂਬਰ** 2021) **A.D.C.P.E Masatuna Sahib**

ਰਗਬੀ ਕਾਲਜ ਟੀਮ Participation

- **ਪੈਨਚੈੱਕ ਸਿਲਾਟ ਇੰਟਰਕਾਲਜ ਚੈਂਪੀਅਨਸ਼ਿਪ**, (18,19 **ਨਵੰਬਰ** 2021),**ਪੰਜਾਬੀ ਯੂਨੀਵਰਸਿਟੀ ਪਟਿਆਲਾ।**

ਪੈਨਚੈੱਕ ਸਿਲਾਟ ਅੰਜੂ 55 kg ਗੋਲਡ ਮੈਡਲ
ਮਨੀਸ਼ਾ 60 kg ਗੋਲਡ ਮੈਡਲ
ਰਾਖੀ 65 kg ਸਿਲਵਰ ਮੈਡਲ

**Artistic Events** ਅੰਜੂ ਤੁੰਗਲ ਗੋਲਡ ਮੈਡਲ
ਰੇਗੂ ਈਵੈਂਟ ਅੰਜੂ,ਮਨੀਸ਼ਾ,ਜਮੁਨਾ ਭੌਈ ਗੋਲਡ ਮੈਡਲ

**Ganda Event** ਅਮਨਦੀਪ ਕੌਰ,ਜਮੁਨਾ ਭੌਈ ਸਿਲਵਰ ਮੈਡਲ

**Overall College Team Championship.**

- **Wrestling InterCollege Championship,(19 to 21 Nov 2021),Govt. College,Faridkot.**

| ਖੇਡ | ਵਿਦਿਆਰਥੀ ਦਾ ਨਾਂ | ਪੁਜੀਸ਼ਨ |
|---|---|---|
| Wrestling | College Team | Participation |

- **ਐਥਲੈਟਿਕਸ ਇੰਟਰ ਕਾਲਜ ਚੈਂਪੀਅਨਸ਼ਿਪ,(23 to 25 Nov 2021), ਪੰਜਾਬੀ ਯੂਨੀਵਰਸਿਟੀ,ਪਟਿਆਲਾ**

| | | |
|---|---|---|
| ਐਥਲੈਟਿਕ | ਸਰੋਜ ਦੇਵੀ | Javellin Throw Events Gold Medal & (New Record 45mtrs) |
| | ਮਨਜਿੰਦਰ ਕੌਰ<br>ਪ੍ਰਭਜੋਤ ਕੌਰ | 5000 mtr (IV & V Position) |

- **Fencing Inter College Championship,(1 to 3 Dec2021), Punjabi University Patiala.**

| | | |
|---|---|---|
| **Foil Events** | ਅਵਨੀਤ ਕੌਰ,ਜਸਪ੍ਰੀਤ ਕੌਰ, ਜਸ਼ਨਪ੍ਰੀਤ ਕੌਰ,ਸਰਬਜੀਤ ਕੌਰ | 3rd |
| **Epee Events** | ਅਵਨੀਤ ਕੌਰ,ਜਸ਼ਨਪ੍ਰੀਤ ਕੌਰ, ਜਸਪ੍ਰੀਤ ਕੌਰ | 3rd |

- **ਐਥਲੈਟਿਕ 23rd State Punjab Championship,(27 Aug 2021),Sangruar.**

| | | |
|---|---|---|
| ਜੈਵਲਿਨ ਥਰੋਅ | ਸਰੋਜ ਦੇਵੀ | 45.78mtr Gold Medal |

- **96 Senior Punjab Open Athlectics Championship, 2021 Patiala.**

| | | |
|---|---|---|
| ਜੈਵਲਿਨ ਥਰੋਅ | ਸਰੋਜ ਦੇਵੀ | 46.50 mtr Gold Medal |

- **Ist Punjab State Grappling Championship (9,10 Oct.2021), Taran Taran**

| | | |
|---|---|---|
| **Grappling** | ਅੰਜੂ | (Senior)53 kg Gold Medal |
| | ਅਮਨਦੀਪ ਕੌਰ | (Junior) 58 kg Gold Medal |
| | ਜਮੁਨਾ ਭੌਈ | (Junior) 49kg Gold Medal |

ਮਨੀਸ਼ਾ (Senior) 53kg Brownz Medal

**17. ਵਿਦਿਆਰਥੀਆਂ ਦੁਆਰਾ ਜ਼ੋਨਲ, ਖੇਤਰੀ ਅਤੇ ਉਚੇਰੇ ਪੱਧਰ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਵਿਸ਼ੇਸ਼ ਪ੍ਰਾਪਤੀਆਂ :**
**ਵੇਰਵਾ :**

**<u>ਖੇਤਰੀ ਯੁਵਕ ਮੇਲੇ ਅਤੇ ਲੋਕ ਮੇਲੇ ਦੀਆਂ ਵੱਖ-ਵੱਖ ਆਈਟਮਾਂ ਵਿਚ ਕਾਲਜ ਦੀਆਂ ਪ੍ਰਾਪਤੀਆਂ :</u>**

- **ਪ੍ਰਦਰਸ਼ਨੀ ਲੋਕ-ਕਲਾਵਾਂ :**

| ਲੜੀ ਨੰ | ਆਈਟਮ | ਪੁਜ਼ੀਸ਼ਨ | ਵਿਦਿਆਰਥੀ ਦਾ ਨਾਂ | ਕਲਾਸ |
|---|---|---|---|---|
| 1 | ਫੁਲਕਾਰੀ(ਕਢਾਈ) | ਪਹਿਲਾ ਸਥਾਨ | ਕਾਜਲ ਕੁਮਾਰੀ | ਬੀ.ਏ. ਭਾਗ ਪਹਿਲਾ |
| 2 | ਨਾਲਾ ਬੁਣਾਈ | ਦੂਜਾ ਸਥਾਨ | ਜਸਪ੍ਰੀਤ ਕੌਰ | ਬੀ.ਏ. ਭਾਗ ਦੂਜਾ |
| 3 | ਮਿੱਟੇ ਦੇ ਖਿਡੌਣੇ | ਦੂਜਾ ਸਥਾਨ | ਨੇਹਾ ਕੁਮਾਰੀ | ਬੀ.ਏ ਭਾਗ ਪਹਿਲਾ |
| 4 | ਇੰਨੂ ਬਣਾਈ | ਤੀਜਾ ਸਥਾਨ | ਖੁਸ਼ੀ ਕੁਮਾਰੀ | ਬੀ.ਏ. ਭਾਗ ਤੀਜਾ |

- **ਫਾਈਨ ਆਰਟਸ :**

| ਲੜੀ ਨੰ: | ਆਈਟਮ | ਪੁਜ਼ੀਸ਼ਨ | ਵਿਦਿਆਰਥੀ ਦਾ ਨਾਂ | ਕਲਾਸ |
|---|---|---|---|---|
| 1 | ਰੰਗੋਲੀ | ਤੀਜਾ ਸਥਾਨ | ਬਵਨਦੀਪ ਕੌਰ | ਬੀ.ਏ. ਭਾਗ ਤੀਜਾ |

- **ਸੰਗੀਤ ਕਲਾਵਾਂ :**

| ਲੜੀ ਨੰ: | ਆਈਟਮ | ਪੁਜ਼ੀਸ਼ਨ | ਵਿਦਿਆਰਥੀ ਦਾ ਨਾਂ | ਕਲਾਸ |
|---|---|---|---|---|
| 1 | ਕਵਿਸ਼ਰੀ | ਤੀਜਾ ਸਥਾਨ | ਜਗਜੀਤ ਕੌਰ<br>ਮਨਪ੍ਰੀਤ ਕੌਰ<br>ਦਲਜੀਤ ਕੌਰ | ਬੀ.ਏ ਭਾਗ ਤੀਜਾ<br>ਬੀ.ਏ ਭਾਗ ਦੂਜਾ<br>ਬੀ.ਕਾਮ ਭਾਗ ਦੂਜਾ |

| | | | | |
|---|---|---|---|---|
| 2 | ਰਵਾਇਤੀ ਲੋਕ ਗੀਤ(ਲੰਮੀਆਂ ਹੇਕਾਂ ਵਾਲੇ) | ਤੀਜਾ ਸਥਾਨ | ਮਨਪ੍ਰੀਤ ਕੌਰ ਜਸ਼ਨਪ੍ਰੀਤ ਕੌਰ | ਬੀ.ਸੀ.ਏ ਭਾਗ ਤੀਜਾ ਬੀ.ਏ ਭਾਗ ਪਹਿਲਾ |

- **ਅੰਤਰ ਖੇਤਰੀ ਯੁਵਕ ਮੇਲਾ ਅਤੇ ਲੋਕ ਮੇਲਾ (ਮਿਤੀ 13,14,15,16 ਨਵੰਬਰ, 2021 ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ)**

**ਪ੍ਰਦਰਸ਼ਨੀ ਲੋਕ-ਕਲਾਵਾਂ :**

| **ਲੜੀ ਨੰ:** | **ਆਈਟਮ** | **ਪੁਜ਼ੀਸ਼ਨ** | **ਵਿਦਿਆਰਥੀ ਦਾ ਨਾਂ** | **ਕਲਾਸ** |
|---|---|---|---|---|
| 1 | ਨਾਲਾ ਬੁਣਾਈ | ਦੂਜਾ ਸਥਾਨ | ਜਸਪ੍ਰੀਤ ਕੌਰ | ਬੀ.ਏ. ਭਾਗ ਦੂਜਾ |